# ਸੁਤੰਤਰ ਟੋਲ ਸਮੀਖਿਆ

## ਜਨਤਕ ਸਲਾਹ-ਮਸ਼ਵਰੇ ਦੀ ਸੰਖੇਪ ਰਿਪੋਰਟ

2023 ਸੁਤੰਤਰ ਟੋਲ ਸਮੀਖਿਆ

ਅਗਸਤ 2023

INDEPENDENT TOLL REVIEW

# ਤਤਕਰਾ


ਕੰਟਰੀ ਦੀ ਮਾਨਤਾ ਦਾ ਸੰਦੇਸ਼ ....4

ਸੰਖੇਪ ਜਾਣਕਾਰੀ.... 5

**ਪਿਛੋਕੜ .... 5**

ਸੁਤੰਤਰ ਟੋਲ ਸਮੀਖਿਆ ਬਾਰੇ ....6

**ਵਿਸ਼ਾ....6**

**ਇਸ ਸਮੀਖਿਆ ਦਾ ਉਦੇਸ਼....6**

**ਪਹੁੰਚ ਅਤੇ ਗਤੀਵਿਧੀਆਂ ....7**

ਸੁਤੰਤਰ ਟੋਲ ਸਮੀਖਿਆ - ਜਨਤਕ ਸਲਾਹ-ਮਸ਼ਵਰੇ ਦੀ ਮਿਆਦ....7

**ਅਸੀਂ ਕੀ ਕੀਤਾ .... 7**

**ਅਸੀਂ ਕਿਸ ਤੋਂ ਰਾਏ-ਸੁਝਾਅ ਸੁਣੇ - ਇੱਕ ਝਲਕ .... 8**

**ਅਸੀਂ ਕੀ ਪੁੱਛਿਆ .... 9**

ਅਸੀਂ ਕੀ ਸੁਣਿਆ ਹੈ - ਆਮ ਜਨਤਾ ਤੋਂ ....9

**ਇੱਕ ਨਜ਼ਰ ਵਿੱਚ ਮੁੱਖ ਵਿਸ਼ੇ....9**

**ਇੱਕ ਨਜ਼ਰ ਵਿੱਚ ਹੋਰ ਵਿਸ਼ੇ.... 10**

**ਮੁੱਖ ਵਿਸ਼ੇ ਵਿਸਤਾਰ ਸਹਿਤ .... 10**

**ਹੋਰ ਵਿਸ਼ਿਆਂ ਦਾ ਸੰਖੇਪ .... 16**

ਅਸੀਂ ਕੀ ਸੁਣਿਆ - ਹਿੱਤਧਾਰਕਾਂ ਤੋਂ....18

**ਸਥਾਨਕ ਕੌਂਸਲਾਂ .... 19**

**ਅਕਾਦਮਿਕ, ਥਿੰਕ ਟੈਂਕ ਅਤੇ ਪ੍ਰਾਈਵੇਟ ਸਲਾਹਕਾਰ.... 21**

**ਟੋਲ ਰੋਡ ਆਪਰੇਟਰ....24**

**ਐਸੋਸੀਏਸ਼ਨਾਂ ਅਤੇ ਮੈਂਬਰ ਸੰਸਥਾਵਾਂ ....25**
**ਚੈਂਬਰਜ਼ ਆਫ਼ ਕਾਮਰਸ ....27**
**ਬੰਦਰਗਾਹਾਂ, ਟਰੱਕਿੰਗ ਗਰੁੱਪ ਅਤੇ ਕਾਰੋਬਾਰ....27**
**ਪੀਕ ਬਾਡੀਜ਼ ....29**
**ਸਰਕਾਰੀ ਸੰਸਥਾਵਾਂ .... 31**
**ਨਿਰਪੱਖ ਵਿਵਾਦ ਨਿਪਟਾਰਾ ਸੰਸਥਾ....32**
**ਕਾਰ ਸ਼ੇਅਰ ਕੰਪਨੀਆਂ....32**
ਅਗਲੇ ਕਦਮ....33
**ਤੁਹਾਡਾ ਧੰਨਵਾਦ .... 33**

INDEPENDENT TOLL REVIEW

## ਕੰਟਰੀ ਦੀ ਮਾਨਤਾ ਦਾ ਸੰਦੇਸ਼

ਸੁਤੰਤਰ ਟੋਲ ਸਮੀਖਿਆ ਉਸ ਜ਼ਮੀਨ ਦੇ ਪਰੰਪਰਾਗਤ ਰਖਵਾਲਿਆਂ ਨੂੰ ਸਵੀਕਾਰ ਕਰਦੀ ਹੈ ਜਿਸ 'ਤੇ ਅਸੀਂ ਕੰਮ ਕਰਦੇ ਅਤੇ ਰਹਿੰਦੇ ਹਾਂ।

ਅਸੀਂ ਅਤੀਤ ਅਤੇ ਵਰਤਮਾਨ ਦੇ ਬਜ਼ੁਰਗਾਂ ਨੂੰ ਆਪਣਾ ਸਤਿਕਾਰ ਭੇਟ ਕਰਦੇ ਹਾਂ ਅਤੇ ਐਬੋਰਿਜ਼ਨਲ ਲੋਕਾਂ ਦੀ ਵਿਭਿੰਨਤਾ ਅਤੇ ਉਨ੍ਹਾਂ ਦੇ ਚੱਲ ਰਹੇ ਸੱਭਿਆਚਾਰਾਂ ਅਤੇ ਨਿਊ ਸਾਊਥ ਵੇਲਜ਼ ਦੀਆਂ ਜ਼ਮੀਨਾਂ ਅਤੇ ਪਾਣੀਆਂ ਨਾਲ ਰਿਸ਼ਤੇ ਦੀ ਕੀਰਤੀ ਕਰਦੇ ਹਾਂ।

ਬਹੁਤ ਸਾਰੇ ਟ੍ਰਾਂਸਪੋਰਟ ਰੂਟ ਜੋ ਅਸੀਂ ਅੱਜ ਵਰਤਦੇ ਹਾਂ - ਰੇਲ ਲਾਈਨਾਂ, ਸੜਕਾਂ ਤੋਂ ਲੈ ਕੇ, ਵਾਟਰ ਕ੍ਰਾਸਿੰਗਾਂ ਤੱਕ - ਦੇਸ਼ ਵਿੱਚ ਪਰੰਪਰਾਗਤ ਸੌਂਗਲਾਈਨਾਂ, ਵਪਾਰਕ ਰੂਟਾਂ ਅਤੇ ਰਸਮੀ ਮਾਰਗਾਂ ਦੀ ਪਾਲਣਾ ਕਰਦੇ ਹਨ ਜਿਨ੍ਹਾਂ ਦੀ ਸਾਡੇ ਦੇਸ਼ ਦੇ ਪਹਿਲੇ ਲੋਕਾਂ ਨੇ ਹਜ਼ਾਰਾਂ ਸਾਲਾਂ ਤੱਕ ਪਾਲਣਾ ਕੀਤੀ ਹੈ।

ਸੁਤੰਤਰ ਟੋਲ ਸਮੀਖਿਆ ਐਬੋਰਿਜ਼ਨਲ ਲੋਕਾਂ ਦੇ ਜ਼ਮੀਨ, ਪਾਣੀ ਅਤੇ ਸਮੁੰਦਰਾਂ ਨਾਲ ਸੱਭਿਆਚਾਰਕ ਅਤੇ ਅਧਿਆਤਮਿਕ ਰਿਸ਼ਤਿਆਂ ਅਤੇ ਸਮਾਜ ਵਿੱਚ ਉਨ੍ਹਾਂ ਦੇ ਭਰਪੂਰ ਯੋਗਦਾਨ ਦਾ ਸਨਮਾਨ ਕਰਨ ਲਈ ਵਚਨਬੱਧ ਹੈ।

## ਸੰਖੇਪ ਜਾਣਕਾਰੀ

5 ਅਪ੍ਰੈਲ 2023 ਨੂੰ, ਪ੍ਰੀਮੀਅਰ, ਮਾਨਯੋਗ ਕ੍ਰਿਸ ਮਿਨਸ ਐਮਪੀ; ਖਜ਼ਾਨਚੀ, ਮਾਨਯੋਗ ਡੈਨੀਅਲ ਮੁਖੇ ਐਮਐਲਸੀ; ਅਤੇ ਸੜਕ ਮੰਤਰੀ, ਮਾਨਯੋਗ ਜੌਨ ਗ੍ਰਾਹਮ ਐਮ.ਐਲ.ਸੀ. ਦੁਆਰਾ ਸੁਤੰਤਰ ਟੋਲ ਸਮੀਖਿਆ (ਇਸ ਸਮੀਖਿਆ) ਕਰਵਾਉਣ ਦੀ ਘੋਸ਼ਣਾ ਕੀਤੀ ਗਈ ਸੀ।

ਇਸ ਸਮੀਖਿਆ ਦੀ ਅਗਵਾਈ ਆਸਟ੍ਰੇਲੀਆਈ ਪ੍ਰਤੀਯੋਗਤਾ ਅਤੇ ਖਪਤਕਾਰ ਕਮਿਸ਼ਨ ਦੇ ਸਾਬਕਾ ਚੇਅਰਮੈਨ ਪ੍ਰੋਫੈਸਰ ਐਲਨ ਫੇਲਜ਼ ਏ.ਓ. ਅਤੇ ਕੀਮਤ ਨਿਗਰਾਨੀ ਅਥਾਰਟੀ ਦੇ ਸਾਬਕਾ ਚੇਅਰਮੈਨ ਅਤੇ ਖਪਤਕਾਰ ਮਾਮਲਿਆਂ ਦੇ ਵਿਕਟੋਰੀਆ ਦੇ ਨਿਰਦੇਸ਼ਕ ਡਾ. ਡੇਵਿਡ ਕਜ਼ਨਸ ਏ.ਐਮ. ਦੁਆਰਾ ਕੀਤੀ ਜਾ ਰਹੀ ਹੈ।

ਭਾਈਚਾਰੇ ਅਤੇ ਹਿੱਤਧਾਰਕਾਂ ਨਾਲ ਸਲਾਹ-ਮਸ਼ਵਰਾ 14 ਜੂਨ ਤੋਂ 28 ਜੁਲਾਈ 2023 ਤੱਕ ਚੱਲਿਆ।

ਇਹ ਦਸਤਾਵੇਜ਼ ਇਸ ਸਮੇਂ ਦੌਰਾਨ ਕੀਤੀਆਂ ਗਈਆਂ ਜਨਤਕ ਸਲਾਹ-ਮਸ਼ਵਰੇ ਦੀਆਂ ਗਤੀਵਿਧੀਆਂ ਦੀ ਉੱਚ-ਪੱਧਰੀ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਭਾਈਚਾਰੇ ਅਤੇ ਹਿੱਤਧਾਰਕਾਂ ਦੁਆਰਾ ਉਠਾਏ ਗਏ ਮੁੱਖ ਵਿਸ਼ਿਆਂ ਅਤੇ ਮੁੱਦਿਆਂ ਨੂੰ ਉਜਾਗਰ ਕਰਦਾ ਹੈ ਅਤੇ ਇਸ ਸਮੀਖਿਆ ਵਿਚਲੇ ਅਗਲੇ ਕਦਮਾਂ ਦੀ ਵਿਆਖਿਆ ਕਰਦਾ ਹੈ।

### ਪਿਛੋਕੜ

ਨਿਊ ਸਾਊਥ ਵੇਲਜ਼ (NSW) ਵਿੱਚ ਟੋਲ (ਮਹਿਸੂਲ ਚੁੰਗੀ) ਮੋਟਰ ਰਸਤਿਆਂ ਦੀ ਕੀਮਤ ਦਾ ਇੱਕ ਰੂਪ ਹੈ ਜੋ 'ਉਪਭੋਗਤਾ-ਭੁਗਤਾਨ' ਮਾਡਲ ਨੂੰ ਲਾਗੂ ਕਰਦੀ ਹੈ, ਜਿਸ ਨਾਲ ਮੋਟਰ ਰਸਤਿਆਂ ਦੀ ਸਮਰੱਥਾ ਅਤੇ ਸੰਪਰਕਤਾ ਪ੍ਰਦਾਨ ਕਰਨ ਦੀ ਲਾਗਤ ਸੜਕ ਵਰਤਣ ਵਾਲਿਆਂ ਤੋਂ ਵਸੂਲ ਕੀਤੀ ਜਾ ਸਕਦੀ ਹੈ ਜੋ ਇਸਦੀ ਵਰਤੋਂ ਤੋਂ ਲਾਭ ਉਠਾਉਂਦੇ ਹਨ।

ਬੁਨਿਆਦੀ ਢਾਂਚਾ ਬਣਾਉਣ ਤੋਂ ਇਲਾਵਾ, ਮੋਟਰ ਰਸਤਿਆਂ ਦੀ ਕੀਮਤ ਦੇ ਇਸ ਰੂਪ ਦੀ ਆਵਾਜਾਈ ਦੇ ਪ੍ਰਵਾਹ ਨਾਲ ਨਜਿੱਠਣ ਅਤੇ ਦੇਰੀ, ਭੀੜ ਅਤੇ ਹਾਦਸਿਆਂ ਨੂੰ ਘੱਟ ਕਰਨ ਲਈ ਮੋਟਰ ਰਸਤਿਆਂ ਦੀ ਅਤੇ ਵਿਸ਼ਾਲ ਸੜਕ ਨੈੱਟਵਰਕ ਦੀ ਵਰਤੋਂ ਕਰਨ ਵਿੱਚ ਇੱਕ ਭੂਮਿਕਾ ਹੈ।

NSW ਵਿੱਚ ਜਿਵੇਂ-ਜਿਵੇਂ ਨਵੀਆਂ ਟੋਲ ਸੜਕਾਂ ਬਣਾਈਆਂ ਗਈਆਂ ਹਨ ਉਵੇਂ-ਉਵੇਂ ਟੋਲਿੰਗ ਪ੍ਰਬੰਧਾਂ ਦਾ ਵਿਕਾਸ ਵੱਡੇ ਪੱਧਰ 'ਤੇ ਕੇਸ-ਦਰ-ਕੇਸ ਆਧਾਰ 'ਤੇ ਹੋਇਆ ਹੈ। ਜਦੋਂ ਕਿ 'NSW ਟੋਲਿੰਗ ਸਿਧਾਂਤਾਂ' ਦਾ ਇੱਕ ਸਮੂਹ ਹੈ ਜੋ ਟੋਲ ਤੈਅ ਕਰਨ ਦੀ ਪ੍ਰਕਿਰਿਆ ਦਾ ਮਾਰਗਦਰਸ਼ਨ ਕਰਦਾ ਹੈ, ਮੌਜੂਦਾ ਪ੍ਰਬੰਧ ਸਿਸਟਮ-ਵਿਆਪਕ ਪਹੁੰਚ ਨੂੰ ਨਹੀਂ ਦਰਸਾਉਂਦੇ ਹਨ, ਅਤੇ ਵੱਖ-ਵੱਖ ਕੀਮਤ ਵਸੂਲਣ ਦੀਆਂ ਵਿਧੀਆਂ ਨੂੰ ਸ਼ਾਮਲ ਕਰਦੇ ਹਨ।

ਇਹ 10 ਖ਼ਾਸ ਸਿਧਾਂਤ ਹਨ:

1. ਨਵੇਂ ਟੋਲ ਸਿਰਫ਼ ਉਦੋਂ ਹੀ ਉੱਥੇ ਲਾਗੂ ਹੋ ਸਕਦੇ ਹਨ ਜਿੱਥੇ ਵਰਤੋਂ ਕਰਨ ਵਾਲਿਆਂ ਨੂੰ ਸਿੱਧਾ ਲਾਭ ਮਿਲਦਾ ਹੈ।
2. ਟੋਲ ਜਾਰੀ ਰਹਿ ਸਕਦੇ ਹਨ ਜਦੋਂ ਉਹ ਵਿਆਪਕ ਨੈੱਟਵਰਕ ਲਾਭ ਪ੍ਰਦਾਨ ਕਰਦੇ ਹਨ ਜਾਂ ਆ ਰਹੇ ਖ਼ਰਚਿਆਂ ਨੂੰ ਫੰਡ ਦਿੰਦੇ ਹਨ।
3. ਸਾਰੇ ਨਵੇਂ ਮੋਟਰ ਰਸਤਿਆਂ ਲਈ ਦੂਰੀ-ਅਧਾਰਿਤ ਟੋਲਿੰਗ।
4. ਸਾਰੇ ਮੋਟਰ ਰਸਤਿਆਂ 'ਤੇ ਯਾਤਰਾ ਦੀਆਂ ਦੋਵੇਂ ਦਿਸ਼ਾਵਾਂ ਲਈ ਟੋਲ ਵਸੂਲੇ ਜਾਂਦੇ ਹਨ।

5. ਚਾਰਜ ਕੀਤੇ ਗਏ ਟੋਲ ਮੋਟਰ ਰਸਤਿਆਂ ਦੇ ਨੈੱਟਵਰਕ ਦੀ ਪ੍ਰਦਾਨ ਕਰਨ ਦੀ ਲਾਗਤ ਨੂੰ ਦਰਸਾਉਂਦੇ ਹਨ।
6. ਟੋਲ ਖ਼ਰਚਿਆਂ, ਆਮਦਨੀ ਅਤੇ ਤੁਲਨਾਤਮਕ ਟੋਲ ਸੜਕਾਂ ਵਿੱਚ ਵਾਧੇ ਨੂੰ ਧਿਆਨ ਵਿੱਚ ਰੱਖਦੇ ਹਨ।
7. ਮੌਜੂਦਾ ਰਿਆਇਤਾਂ ਅਤੇ ਟੋਲ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਹਾਰਕ ਹੱਦ ਤੱਕ, ਵੱਖ-ਵੱਖ ਮੋਟਰ ਰਸਤਿਆਂ 'ਤੇ ਟੋਲ ਵਿਵਸਥਤ ਢੰਗ ਨਾਲ ਲਾਗੂ ਕੀਤੇ ਜਾਣਗੇ।
8. ਟਰੱਕ ਟੋਲ ਕਾਰ ਦੇ ਟੋਲ ਨਾਲੋਂ ਘੱਟੋ-ਘੱਟ ਤਿੰਨ ਗੁਣਾ ਵੱਧ ਹੋਣਗੇ।
9. ਨਿਯਮਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ਤਾਂ ਜੋ ਟਰੱਕ ਨਵੇਂ ਮੋਟਰ ਰਸਤਿਆਂ ਦੇ ਹਿੱਸਿਆਂ ਦੀ ਵਰਤੋਂ ਕਰਨ।
10. ਗਾਹਕਾਂ ਲਈ ਬਗ਼ੈਰ ਟੋਲ ਲੱਗੀਆਂ ਵਿਕਲਪਕ ਅੰਦਰੂਨੀ ਸੜਕਾਂ ਉਪਲਬਧ ਰਹਿਣਗੀਆਂ।

## ਸੁਤੰਤਰ ਟੋਲ ਸਮੀਖਿਆ ਬਾਰੇ

### ਵਿਸ਼ਾ

2022 ਵਿੱਚ, ਪਿਛਲੀ NSW ਸਰਕਾਰ ਨੇ ਟੋਲ ਰੋਡ ਕੀਮਤ (Toll Road Pricing) ਅਤੇ ਰਾਹਤ ਸੁਧਾਰ ਸਮੀਖਿਆ (Relief Reform Review) ਦੀ ਸਥਾਪਨਾ ਕੀਤੀ ਸੀ। ਉਸ ਸਮੀਖਿਆ ਲਈ ਹਵਾਲੇ ਦੀਆਂ ਸ਼ਰਤਾਂ ਮਾਰਚ 2022 ਵਿੱਚ ਜਾਰੀ ਕੀਤੀਆਂ ਗਈਆਂ ਸਨ। ਟ੍ਰਾਂਸਪੋਰਟ ਫਾਰ NSW (ਟ੍ਰਾਂਸਪੋਰਟ) ਦੇ ਸਹਿਯੋਗ ਨਾਲ NSW ਟ੍ਰੇਜ਼ਰੀ (ਖਜ਼ਾਨਾ ਵਿਭਾਗ) ਨੂੰ ਇਸ ਸਮੀਖਿਆ ਦੀ ਅਗਵਾਈ ਕਰਨ, ਚਿੰਤਾ ਦੇ ਖੇਤਰਾਂ ਦੀ ਪਛਾਣ ਕਰਨ, ਅਤੇ ਸੁਧਾਰ ਦੇ ਖੇਤਰਾਂ ਦਾ ਸੁਝਾਅ ਦੇਣ ਲਈ ਬੇਨਤੀ ਕੀਤੀ ਗਈ ਸੀ। ਇਸ ਕੰਮ ਬਾਰੇ ਕੋਈ ਰਸਮੀ ਰਿਪੋਰਟ ਜਾਰੀ ਨਹੀਂ ਕੀਤੀ ਗਈ ਸੀ।

ਆਪਣੀ 2023 ਦੀ NSW ਚੋਣ ਮੁਹਿੰਮ ਵਿੱਚ, ਲੇਬਰ ਪਾਰਟੀ ਨੇ ਵਾਅਦਾ ਕੀਤਾ ਸੀ, ਜੇਕਰ ਉਹ ਚੁਣੇ ਜਾਂਦੇ ਹਨ, ਤਾਂ ਸੜਕ ਟੋਲ ਅਤੇ ਟੋਲ ਰਾਹਤ ਦੀ ਸੁਤੰਤਰ ਸਮੀਖਿਆ ਕੀਤੀ ਜਾਵੇਗੀ। 5 ਅਪ੍ਰੈਲ 2023 ਨੂੰ, ਪ੍ਰੀਮੀਅਰ, ਮਾਨਯੋਗ ਕ੍ਰਿਸ ਮਿਨਸ ਐਮਪੀ; ਖਜ਼ਾਨਚੀ, ਮਾਨਯੋਗ ਡੈਨੀਅਲ ਮੂਖੇ ਐਮਐਲਸੀ; ਅਤੇ ਸੜਕ ਮੰਤਰੀ, ਮਾਨਯੋਗ ਜੌਨ ਗ੍ਰਾਹਮ ਐਮ.ਐਲ.ਸੀ ਦੁਆਰਾ ਸੁਤੰਤਰ ਟੋਲ ਸਮੀਖਿਆ ਦਾ ਐਲਾਨ ਕੀਤਾ ਗਿਆ ਸੀ।

ਸਰਕਾਰ ਇਸ ਸਮੀਖਿਆ ਅਤੇ ਇਸ ਦੀਆਂ ਸਿਫ਼ਾਰਸ਼ਾਂ ਨੂੰ ਜਨਤਕ ਕਰਨ ਲਈ ਵਚਨਬੱਧ ਹੈ। ਇਸਨੇ ਸੰਕੇਤ ਦਿੱਤਾ ਕਿ ਇਹ ਸਮੀਖਿਆ ਸੁਝਾਅ-ਰਾਏ ਦੇਣ ਲਈ ਖੁੱਲ੍ਹੀ ਹੋਵੇਗੀ ਅਤੇ ਟ੍ਰਾਂਸਪੋਰਟ ਸੈਕਟਰ ਅਤੇ ਟੋਲ ਅਦਾ ਕਰਨ ਵਾਲੇ ਲੋਕਾਂ ਨਾਲ ਸਲਾਹ ਮਸ਼ਵਰਾ ਕਰੇਗੀ।

### ਇਸ ਸਮੀਖਿਆ ਦਾ ਉਦੇਸ਼

ਇਸ ਸਮੀਖਿਆ ਦਾ ਉਦੇਸ਼ ਟੋਲ ਰੋਡ ਕੀਮਤ ਵਿਵਸਥਾ ਨੂੰ ਸੁਚਾਰੂ ਬਣਾਉਣਾ ਹੈ। ਖ਼ਾਸ ਤੌਰ 'ਤੇ, ਇਹ ਸਮੀਖਿਆ:

- NSW ਵਿੱਚ ਟੋਲ ਢਾਂਚੇ ਅਤੇ ਪੱਧਰ ਦੀ ਜਾਂਚ ਕਰੇਗੀ, ਉਹਨਾਂ ਦੀ ਕੁਸ਼ਲਤਾ, ਨਿਰਪੱਖਤਾ, ਸਰਲਤਾ ਅਤੇ ਪਾਰਦਰਸ਼ਤਾ, ਪ੍ਰਦਾਤਾਵਾਂ ਨਾਲ ਮੌਜੂਦਾ ਸਮਝੌਤਿਆਂ ਅਤੇ ਆਵਾਜਾਈ ਦੇ ਸਾਰੇ ਰੂਪਾਂ 'ਤੇ ਪ੍ਰਭਾਵ ਨੂੰ ਦੇਖਦੇ ਹੋਏ
- ਇਸ ਗੱਲ ਦੀ ਜਾਂਚ ਕਰੇਗੀ ਕਿ ਟੋਲ ਕੀਮਤਾਂ ਨੂੰ ਕਿਸ ਹੱਦ ਤੱਕ ਸੜਕਾਂ ਦੀਆਂ ਪੂੰਜੀ ਅਤੇ ਸੰਚਾਲਨ ਲਾਗਤਾਂ ਨੂੰ ਦਰਸਾਉਣਾ ਚਾਹੀਦਾ ਹੈ, ਸੜਕ ਦੀ ਸਥਿਰਤਾ ਅਤੇ ਦਿਨ ਭਰ ਸੜਕਾਂ ਦੀ ਵਰਤੋਂ 'ਤੇ ਵੱਖ-ਵੱਖ ਉਪਭੋਗਤਾਵਾਂ ਦੇ ਪ੍ਰਭਾਵ

- ਸਮੁੱਚੇ ਭਾਈਚਾਰੇ ਲਈ ਨਿਰਪੱਖਤਾ ਪ੍ਰਦਾਨ ਕਰਨ ਲਈ ਰਾਹਤ ਦੇ ਢੁੱਕਵੇਂ ਟੀਚੇ ਦੀ ਜਾਂਚ ਕਰੇਗੀ ਅਤੇ ਜਾਂਚ ਕਰੇਗੀ ਕਿ ਇਹ ਕਿਵੇਂ ਯਕੀਨੀ ਬਣਾਇਆ ਜਾਵੇ ਕਿ ਟੋਲ ਰੋਡ ਮਾਲਕਾਂ ਦੀ ਬਜਾਏ, ਟੋਲ ਰਾਹਤ ਦਾ ਲਾਭ ਭਾਈਚਾਰੇ ਨੂੰ ਦਿੱਤਾ ਜਾਵੇ।
- ਇਸ ਗੱਲ ਦੀ ਜਾਂਚ ਕਰੇਗੀ ਕਿ ਕੀ ਟੋਲ ਆਸਾਨੀ ਨਾਲ ਸਮਝਣਯੋਗ ਅਤੇ ਵਾਹਨ ਚਾਲਕਾਂ ਲਈ ਭੁਗਤਾਨ ਕਰਨ ਲਈ ਸਰਲ ਹਨ ਅਤੇ ਟੋਲ ਇਕੱਤਰ ਕਰਨ ਲਈ ਪ੍ਰਸ਼ਾਸਨਿਕ ਤੌਰ 'ਤੇ ਕੁਸ਼ਲ ਹਨ; ਅਤੇ
- ਸੜਕ ਟੋਲ ਅਤੇ ਪ੍ਰਦਾਤਾਵਾਂ ਦੁਆਰਾ ਸੇਵਾ ਪ੍ਰਦਰਸ਼ਨ ਦੀ ਕੁਸ਼ਲਤਾ ਨੂੰ ਪ੍ਰਭਾਵਿਤ ਕਰਨ ਲਈ ਮੁਕਾਬਲੇਬਾਜ਼ੀ ਅਤੇ ਨਿਯਮ ਬਣਾਉਣ ਦੀ ਗੁੰਜਾਇਸ਼ 'ਤੇ ਵਿਚਾਰ ਕਰੇਗੀ।

### ਪਹੁੰਚ ਅਤੇ ਗਤੀਵਿਧੀਆਂ

ਇਸ ਸਮੀਖਿਆ ਦੀ ਅਗਵਾਈ ਪ੍ਰੋਫ਼ੈਸਰ ਐਲਨ ਫੇਲਜ਼ ਏ.ਓ., ਆਸਟ੍ਰੇਲੀਅਨ ਕੰਪੀਟੀਸ਼ਨ ਐਂਡ ਕੰਜ਼ਿਊਮਰ ਕਮਿਸ਼ਨ (ACCC) ਦੇ ਸਾਬਕਾ ਚੇਅਰਮੈਨ ਅਤੇ ਡਾ: ਡੇਵਿਡ ਕਜ਼ਨਸ ਏ.ਐੱਮ., ਪ੍ਰਾਈਸ ਸਰਵੀਲੈਂਸ (ਕੀਮਤਾਂ ਦੀ ਨਿਗਰਾਨੀ) ਅਥਾਰਟੀ ਦੇ ਸਾਬਕਾ ਚੇਅਰ ਅਤੇ ਕੰਜ਼ਿਊਮਰ ਅਫੇਅਰਜ਼ ਵਿਕਟੋਰੀਆ ਦੇ ਡਾਇਰੈਕਟਰ ਦੁਆਰਾ ਕੀਤੀ ਜਾ ਰਹੀ ਹੈ।

NSW ਦੇ ਖਜ਼ਾਨਾ, NSW ਦੇ ਟ੍ਰਾਂਸਪੋਰਟ ਵਿਭਾਗ ਅਤੇ ਕੈਬਨਿਟ ਦਫ਼ਤਰ ਤੋਂ ਨੁਮਾਇੰਦਿਆਂ ਦੇ ਨਾਲ, ਪ੍ਰੋਫ਼ੈਸਰ ਫੇਲਜ਼ ਇਸ ਸਮੀਖਿਆ ਲਈ ਇੱਕ ਕਰਾਸ-ਏਜੰਸੀ ਪ੍ਰੋਜੈਕਟ ਸਟੀਅਰਿੰਗ ਕਮੇਟੀ ਦੇ ਸੁਤੰਤਰ ਮੁਖੀ ਹੋਣਗੇ ਅਤੇ ਡਾ. ਕਜ਼ਨਸ ਡਿਪਟੀ ਮੁਖੀ ਹੋਣਗੇ।

ਇਸ ਸਮੀਖਿਆ ਲਈ **ਹਵਾਲੇ ਦੀਆਂ ਸ਼ਰਤਾਂ** ਮਈ 2023 ਵਿੱਚ ਸੰਸਦ ਵਿੱਚ ਪੇਸ਼ ਕੀਤੀਆਂ ਗਈਆਂ ਸਨ। ਜੂਨ 2023 ਵਿੱਚ ਇਸ ਸਮੀਖਿਆ ਦੇ ਮੁਖੀਆਂ ਦੁਆਰਾ ਇੱਕ **ਚਰਚਾ ਪੱਤਰ** ਜਾਰੀ ਕੀਤਾ ਗਿਆ ਸੀ।

ਉਹਨਾਂ ਦੀ ਸਮੀਖਿਆ ਦੇ ਹਿੱਸੇ ਵਜੋਂ, ਇਸ ਸਮੀਖਿਆ ਦੇ ਮੁਖੀਆਂ ਨੇ NSW ਭਰ ਵਿੱਚ ਟੋਲ ਦੇ ਪ੍ਰਬੰਧਾਂ ਦੀ ਸਮੀਖਿਆ ਕਰਨ ਵਿੱਚ ਖਜ਼ਾਨਾ ਅਤੇ ਟ੍ਰਾਂਸਪੋਰਟ ਵਿਭਾਗ ਦੁਆਰਾ ਅੱਜ ਤੱਕ ਮੁਕੰਮਲ ਕੀਤੇ ਗਏ ਵਿਆਪਕ ਕੰਮ 'ਤੇ ਵਿਚਾਰ ਕੀਤਾ ਹੈ, ਜਿਸਦਾ ਸਾਰ **ਖਜ਼ਾਨਾ ਵਿਭਾਗ ਦੀ ਵੈੱਬਸਾਈਟ** 'ਤੇ ਦੇਖਿਆ ਜਾ ਸਕਦਾ ਹੈ।

ਇਸ ਸਮੀਖਿਆ ਦੀ ਜਨਤਕ ਸਲਾਹ-ਮਸ਼ਵਰੇ ਦੀ ਮਿਆਦ 14 ਜੂਨ ਤੋਂ 28 ਜੁਲਾਈ 2023 ਤੱਕ ਚੱਲੀ ਹੈ। ਜਨਤਾ ਦੇ ਮੈਂਬਰਾਂ ਦੇ ਨਾਲ-ਨਾਲ ਹੋਰ ਸਮੂਹਾਂ, ਸੰਸਥਾਵਾਂ ਅਤੇ ਉਦਯੋਗ ਹਿੱਤਧਾਰਕਾਂ ਨੂੰ ਲਿਖਤੀ ਰੂਪ ਵਿੱਚ ਜਾਂ ਸਿਡਨੀ ਵਿੱਚ ਆਯੋਜਿਤ ਤਿੰਨ ਜਨਤਕ ਸਲਾਹ-ਮਸ਼ਵਰੇ ਸੁਣਵਾਈਆਂ ਵਿੱਚੋਂ ਇੱਕ ਵਿੱਚ ਰਾਏ-ਸੁਝਾਅ ਬੇਨਤੀਆਂ ਦੇਣ ਲਈ ਸੱਦਾ ਦਿੱਤਾ ਗਿਆ ਸੀ।

ਇਸ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ, ਇਸ ਸਮੀਖਿਆ ਨੇ ਉਹਨਾਂ ਦੇ ਸਵਾਲਾਂ ਅਤੇ ਫੀਡਬੈਕ ਨੂੰ ਸੁਣਨ ਲਈ ਸੰਬੰਧਿਤ ਹਿੱਤਧਾਰਕਾਂ ਨਾਲ ਨਿੱਜੀ ਮੀਟਿੰਗਾਂ ਵੀ ਕੀਤੀਆਂ।

ਇਸ ਸਮੀਖਿਆ ਦੇ ਮੁਖੀ ਸਮੀਖਿਆ ਲਈ ਕੀਤੀਆਂ ਗਈਆਂ ਸਾਰੀਆਂ ਬੇਨਤੀਆਂ 'ਤੇ ਵਿਚਾਰ ਕਰਨਗੇ।

2024 ਦੇ ਅੱਧ ਵਿੱਚ, ਇਸ ਸਮੀਖਿਆ ਦੁਆਰਾ NSW ਸਰਕਾਰ ਨੂੰ ਸਿਫ਼ਾਰਸ਼ਾਂ ਦੇ ਨਾਲ ਇੱਕ ਅੰਤਮ ਰਿਪੋਰਟ ਪੇਸ਼ ਕੀਤੀ ਜਾਵੇਗੀ।

## ਸੁਤੰਤਰ ਟੋਲ ਸਮੀਖਿਆ - ਜਨਤਕ ਸਲਾਹ-ਮਸ਼ਵਰੇ ਦੀ ਮਿਆਦ

### ਅਸੀਂ ਕੀ ਕੀਤਾ

ਭਾਈਚਾਰੇ ਅਤੇ ਹਿੱਤਧਾਰਕਾਂ ਨਾਲ ਸਲਾਹ-ਮਸ਼ਵਰਾ 14 ਜੂਨ ਤੋਂ 28 ਜੁਲਾਈ 2023 ਤੱਕ ਚੱਲਿਆ। ਜਨਤਾ ਦੇ ਮੈਂਬਰਾਂ, ਕਾਰੋਬਾਰਾਂ, ਅਕਾਦਮਿਕ, ਸਥਾਨਕ ਕੌਂਸਲਾਂ, ਸਰਕਾਰੀ ਏਜੰਸੀਆਂ, ਉੱਚ ਸੰਸਥਾਵਾਂ, ਸਥਾਨਕ ਵਪਾਰਕ ਚੈਂਬਰਾਂ, ਮੈਂਬਰ ਸੰਸਥਾਵਾਂ, ਹਿੱਤ ਰੱਖਣ ਵਾਲੇ ਸਮੂਹਾਂ ਅਤੇ ਉਦਯੋਗ

ਹਿੱਤਧਾਰਕਾਂ ਨੂੰ ਲਿਖਤੀ ਰੂਪ ਵਿੱਚ ਜਾਂ ਸਿਡਨੀ ਵਿੱਚ ਆਯੋਜਿਤ ਤਿੰਨ ਜਨਤਕ ਸਲਾਹ-ਮਸ਼ਵਰੇ ਸੁਣਵਾਈਆਂ ਵਿੱਚੋਂ ਇੱਕ ਦੁਆਰਾ ਰਾਏ-ਸੁਝਾਅ ਦੀਆਂ ਬੇਨਤੀਆਂ ਦੇਣ ਲਈ ਸੱਦਾ ਦਿੱਤਾ ਗਿਆ ਸੀ।

ਇਸ ਸਮੀਖਿਆ ਨੂੰ ਉਤਸ਼ਾਹਿਤ ਕਰਨ ਅਤੇ ਰਾਏ-ਸੁਝਾਅ ਦੀਆਂ ਬੇਨਤੀਆਂ ਨੂੰ ਸੱਦਾ ਦੇਣ ਲਈ ਇਸ ਸਮੀਖਿਆ ਵਿੱਚ 700 ਤੋਂ ਵੱਧ ਸਮੂਹਾਂ ਅਤੇ ਵਿਅਕਤੀ ਸ਼ਾਮਿਲ ਹੋਏ। ਟ੍ਰਾਂਸਪੋਰਟ ਵਿਭਾਗ ਨੇ ਫੇਸਬੁੱਕ, ਲਿੰਕਡਇਨ ਅਤੇ ਟਵਿੱਟਰ 'ਤੇ 3 ਤੋਂ 20 ਜੁਲਾਈ ਤੱਕ ਇਸ ਸਮੀਖਿਆ ਬਾਰੇ ਸੋਸ਼ਲ ਮੀਡੀਆ ਮੁਹਿੰਮ ਵੀ ਚਲਾਈ ਸੀ। ਇਸ ਮੁਹਿੰਮ ਨੂੰ ਖਜ਼ਾਨਾ ਵਿਭਾਗ ਦੁਆਰਾ ਸਮਰਥਨ ਦਿੱਤਾ ਗਿਆ ਸੀ।

ਇਸ ਸਮੀਖਿਆ ਬਾਰੇ ਜਾਣਕਾਰੀ ਦੇਣ ਲਈ, ਜਨਤਾ ਦੇ ਮੈਂਬਰਾਂ ਨੂੰ ਜੂਨ 2023 ਵਿੱਚ ਸਮੀਖਿਆ ਮੁਖੀਆਂ ਦੁਆਰਾ ਜਾਰੀ ਕੀਤੇ ਗਏ **ਚਰਚਾ ਪੇਪਰ** ਵੱਲ ਨਿਰਦੇਸ਼ਿਤ ਕੀਤਾ ਗਿਆ ਸੀ। ਜਿੰਨਾ ਸੰਭਵ ਹੋ ਸਕੇ ਵਿਆਪਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ, ਇਹ ਚਰਚਾ ਪੇਪਰ ਅੰਗਰੇਜ਼ੀ, ਅਰਬੀ, ਪੰਜਾਬੀ, ਸਰਲੀਕ੍ਰਿਤ ਚੀਨੀ ਅਤੇ ਵੀਅਤਨਾਮੀ ਭਾਸ਼ਾ ਵਿੱਚ ਉਪਲਬਧ ਕਰਵਾਇਆ ਗਿਆ ਸੀ।

ਇਸ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ, ਇਸ ਸਮੀਖਿਆ ਨੇ ਸੰਬੰਧਿਤ ਹਿੱਤਧਾਰਕਾਂ ਨਾਲ ਉਨ੍ਹਾਂ ਦੇ ਸਵਾਲ ਅਤੇ ਫੀਡਬੈਕ ਸੁਣਨ ਲਈ ਮੀਟਿੰਗਾਂ ਵੀ ਕੀਤੀਆਂ ਸਨ। ਇਹਨਾਂ ਵਿੱਚੋਂ ਬਹੁਤ ਸਾਰੇ ਹਿੱਤਧਾਰਕਾਂ ਨੇ ਇਸ ਸਮੀਖਿਆ ਲਈ ਰਸਮੀ ਰਾਏ-ਸੁਝਾਅ ਬੇਨਤੀਆਂ ਵੀ ਕੀਤੀਆਂ ਹਨ।

ਇਸ ਸਮੀਖਿਆ ਦੇ ਸਲਾਹ-ਮਸ਼ਵਰੇ ਦੇ ਸਮੇਂ ਨੇ ਹਿੱਤਧਾਰਕਾਂ ਅਤੇ ਆਮ ਜਨਤਾ ਲਈ ਟੋਲ ਦੇ ਪ੍ਰਭਾਵਾਂ ਬਾਰੇ ਸਿੱਧੇ ਤੌਰ 'ਤੇ ਆਪਣੀ ਗੱਲ ਰੱਖਣ ਅਤੇ ਸੁਧਾਰ ਲਈ ਵਿਚਾਰ ਸਾਂਝੇ ਕਰਨ ਦਾ ਇੱਕ ਮੌਕਾ ਪੇਸ਼ ਕੀਤਾ। ਇਸ ਸਲਾਹ-ਮਸ਼ਵਰੇ ਨੇ ਵੱਖ-ਵੱਖ ਹਿੱਤਧਾਰਕਾਂ 'ਤੇ ਟੋਲ ਦੇ ਪੈਣ ਵਾਲੇ ਪ੍ਰਭਾਵਾਂ ਬਾਰੇ ਡੂੰਘੀ ਸਮਝ ਬਣਾਉਣ ਵਿੱਚ ਮੱਦਦ ਕੀਤੀ ਅਤੇ ਇਹ ਯਕੀਨੀ ਬਣਾਉਣ ਵਿੱਚ ਮੱਦਦ ਕੀਤੀ ਕਿ ਸਮੀਖਿਆ ਦੇ ਨਤੀਜੇ ਚੰਗੀ ਤਰ੍ਹਾਂ ਜਾਣਕਾਰੀ ਨਾਲ ਸੂਚਿਤ ਹਨ, ਅਤੇ ਭਾਈਚਾਰੇ ਦੀਆਂ ਲੋੜਾਂ ਨਾਲ ਮੇਲ ਖਾਂਦੇ ਹਨ।

### ਅਸੀਂ ਕਿਸ ਤੋਂ ਰਾਏ-ਸੁਝਾਅ ਸੁਣੇ - ਇੱਕ ਝਲਕ

- ਇਸ ਸਮੀਖਿਆ ਨੂੰ ਆਮ ਜਨਤਾ ਦੇ 1120 ਮੈਂਬਰਾਂ ਤੋਂ ਰਸਮੀ ਰਾਏ-ਸੁਝਾਅ ਬੇਨਤੀਆਂ ਮਿਲੀਆਂ ਹਨ।
- ਇਸ ਸਮੀਖਿਆ ਨੂੰ 51 ਹਿੱਤਧਾਰਕਾਂ ਤੋਂ ਰਸਮੀ ਰਾਏ-ਸੁਝਾਅ ਬੇਨਤੀਆਂ ਮਿਲੀਆਂ ਹਨ, ਜਿਸ ਵਿੱਚ 12 ਹਿੱਤਧਾਰਕਾਂ ਨੇ ਸਿਡਨੀ ਵਿੱਚ ਆਯੋਜਿਤ ਜਨਤਕ ਸਲਾਹ-ਮਸ਼ਵਰੇ ਦੀਆਂ ਸੁਣਵਾਈਆਂ ਵਿੱਚ ਰਾਏ-ਸੁਝਾਅ ਬੇਨਤੀਆਂ ਦਿੱਤੀਆਂ ਹਨ।
- ਇਸ ਸਮੀਖਿਆ ਵਿੱਚ ਹਿੱਤਧਾਰਕਾਂ ਨਾਲ 21 ਹੋਰ ਮੀਟਿੰਗਾਂ ਕੀਤੀਆਂ ਗਈਆਂ। ਇਹ ਰਿਪੋਰਟ ਇਨ੍ਹਾਂ ਕੀਤੀਆਂ ਮੀਟਿੰਗਾਂ ਦੀ ਗੱਲਬਾਤ ਦਾ ਸਾਰ ਨਹੀਂ ਦਿੰਦੀ ਹੈ, ਪਰ ਇਹਨਾਂ ਵਿੱਚੋਂ ਬਹੁਤ ਸਾਰੇ ਸਮੂਹਾਂ ਇਸ ਸਮੀਖਿਆ ਲਈ ਰਸਮੀ ਰਾਏ-ਸੁਝਾਅ ਬੇਨਤੀਆਂ ਕੀਤੀਆਂ ਹਨ।
- 3 ਜਨਤਕ ਸਲਾਹ-ਮਸ਼ਵਰਾ ਸੁਣਵਾਈਆਂ ਆਯੋਜਿਤ ਕੀਤੀਆਂ ਗਈਆਂ:

  ਮੰਗਲਵਾਰ 11 ਜੁਲਾਈ ਨੂੰ – ਸਿਡਨੀ ਵਿੱਚ, ਇਹ ਹਿੱਤਧਾਰਕਾਂ ਪੇਸ਼ ਹੋਏ:

  - ਟ੍ਰਾਂਸ-ਅਰਬਨ
  - ਲਿਡ੍ਰਨੀਅਨ ਪਾਰਟਨ
  - ਇਨਫਰਾਸਟ੍ਰਕਚਰ ਪਾਰਟਨਰਸ਼ਿਪ ਆਸਟ੍ਰੇਲੀਆ
  - ਬੇਸਾਈਡ ਕੌਂਸਲ
  - ਨੈਸ਼ਨਲ ਰੋਡ ਟਰਾਂਸਪੋਰਟ ਐਸੋਸੀਏਸ਼ਨ ਟ੍ਰਾਂਸਪੋਰਟ

  ਸਿਡਨੀ ਵਿਚਲੇ ਸੈਸ਼ਨ ਨੂੰ ਉਸ ਦਿਨ ਲਾਈਵ ਸਟ੍ਰੀਮ ਕੀਤਾ ਗਿਆ ਸੀ ਜਿਸਨੂੰ 300 ਤੋਂ ਵੱਧ ਲੋਕਾਂ ਵੱਲੋਂ ਵੇਖਿਆ ਗਿਆ।

  ਬੁੱਧਵਾਰ 12 ਜੁਲਾਈ ਨੂੰ – ਪੈਰਾਮਾਟਾ ਵਿੱਚ, ਇਹ ਹਿੱਤਧਾਰਕਾਂ ਪੇਸ਼ ਹੋਏ:

- ਸਿਟੀ ਆਫ਼ ਪੈਰਾਮਾਟਾ
- NRMA (ਨੈਸ਼ਨਲ ਰੋਡਜ਼ ਐਂਡ ਮੋਟਰਿਸਟ ਐਸੋਸੀਏਸ਼ਨ)
- ਆਸਟ੍ਰੇਲੀਅਨ ਲੌਜਿਸਟਿਕਸ ਕੌਂਸਲ

ਵੀਰਵਾਰ 13 ਜੁਲਾਈ ਨੂੰ – ਪੈਨਰਿਥ ਵਿੱਚ, ਇਹ ਹਿੱਤਧਾਰਕਾਂ ਪੇਸ਼ ਹੋਏ:

- ਟਰਾਂਸਪੋਰਟ ਵਰਕਰਜ਼ ਯੂਨੀਅਨ
- ਬਲੈਕਟਾਊਨ ਸਿਟੀ ਕੌਂਸਲ
- ਵੈਸਟਰਨ ਸਿਡਨੀ ਰਿਜ਼ਨਲ ਆਰਗੇਨਾਈਜ਼ੇਸ਼ਨ ਆਫ਼ ਕੌਂਸਲਜ਼
- ਇੱਕ ਕਮਿਊਨਿਟੀ ਮੈਂਬਰ ਅਤੇ ਇੱਕ ਛੋਟਾ ਟਰੱਕ ਕਾਰੋਬਾਰੀ ਮਾਲਕ ਵੀ ਪੈਂਨਰਿਥ ਸੈਸ਼ਨ ਵਿੱਚ ਸ਼ਾਮਿਲ ਹੋਇਆ।

### ਅਸੀਂ ਕੀ ਪੁੱਛਿਆ

ਜੂਨ 2023 ਵਿੱਚ ਸਮੀਖਿਆ ਮੁਖੀਆਂ ਦੁਆਰਾ ਜਾਰੀ ਕੀਤੇ ਗਏ **ਚਰਚਾ ਪੇਪਰ** ਵਿੱਚ, ਇਸ ਸਮੀਖਿਆ ਦੇ ਜਨਤਕ ਸਲਾਹ-ਮਸ਼ਵਰੇ ਦੇ ਸਮੇਂ ਦੌਰਾਨ ਫੌਰੀ ਫੀਡਬੈਕ ਦੇਣ ਵਿੱਚ ਮੱਦਦ ਕਰਨ ਲਈ, ਕਈ ਮਾਰਗਦਰਸ਼ਕ ਪ੍ਰਸ਼ਨ ਪ੍ਰਦਾਨ ਕੀਤੇ ਗਏ ਸਨ।

ਚਰਚਾ ਪੇਪਰ ਵਿੱਚ ਦਿੱਤੇ ਗਏ ਮਾਰਗਦਰਸ਼ਕ ਸਵਾਲਾਂ ਵਿੱਚ ਕਈ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਵੇਂ ਕਿ: ਟੋਲ ਲਗਾਉਣਾ ਤੈਅ ਕਰਨਾ, ਮੁਕਾਬਲਾ ਅਤੇ ਨਿਯਮ-ਕਾਨੂੰਨ, ਟੋਲ ਦੇ ਮੁਲਾਂਕਣ ਲਈ ਮਾਪਦੰਡ (ਕੁਸ਼ਲਤਾ, ਸਰਲਤਾ, ਪਾਰਦਰਸ਼ਤਾ ਅਤੇ ਨਿਰਪੱਖਤਾ ਲਈ ਉਪ ਸ਼੍ਰੇਣੀਆਂ ਦੇ ਨਾਲ), ਭਾਰੀ ਵਾਹਨ ਅਤੇ ਜਨਤਕ ਆਵਾਜਾਈ।

ਇਹ ਧਿਆਨ ਵਿੱਚ ਰੱਖਣ ਯੋਗ ਗੱਲ ਹੈ ਕਿ ਜਨਤਕ ਸਲਾਹ-ਮਸ਼ਵਰੇ ਲਈ ਰਾਏ-ਸੁਝਾਅ ਦੇਣ ਦੀ ਪ੍ਰਕਿਰਿਆ (ਮੁਫ਼ਤ ਟੈਕਸਟ ਭੇਜਣ ਅਤੇ ਔਨਲਾਈਨ ਪੋਰਟਲ ਰਾਹੀਂ ਦਸਤਾਵੇਜ਼- ਨੱਥੀ ਕਰਨ ਦੇ ਤਰੀਕਿਆਂ ਨਾਲ, ਅਤੇ ਨਾਲ-ਨਾਲ ਹੀ ਸਿਡਨੀ ਵਿੱਚ ਜਨਤਕ ਸੁਣਵਾਈ ਵਿੱਚ ਸ਼ਾਮਲ ਹੋਣ ਦਾ ਮੌਕਾ ਸ਼ਾਮਿਲ ਸੀ) ਵਿੱਚ ਕਿਸੇ ਖ਼ਾਸ ਸਵਾਲਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਸੀ।

## ਅਸੀਂ ਕੀ ਸੁਣਿਆ ਹੈ - ਆਮ ਜਨਤਾ ਤੋਂ

### ਇੱਕ ਨਜ਼ਰ ਵਿੱਚ ਮੁੱਖ ਵਿਸ਼ੇ

ਆਮ ਲੋਕਾਂ ਦੁਆਰਾ ਪੇਸ਼ ਕੀਤੇ ਗਏ ਸਿਖ਼ਰਲੇ ਦਸ ਮੁੱਦੇ (ਵੱਧ ਤੋਂ ਘੱਟ ਜ਼ਿਕਰ ਦੇ ਕ੍ਰਮ ਵਿੱਚ ਦਰਜਾਬੰਦੀ ਅਨੁਸਾਰ) ਸਨ :

1. ਟੋਲ ਕੀਮਤਾਂ ਅਤੇ ਪ੍ਰਬੰਧਕੀ ਫ਼ੀਸਾਂ ਅਤੇ ਖ਼ਰਚਿਆਂ ਨੂੰ ਬਰਾਬਰ ਅਤੇ ਨਿਰਧਾਰਨ ਕਰਨਾ

2. ਕਾਰ ਸਾਂਝੇ ਤੌਰ 'ਤੇ ਵਰਤਣ ਵਾਲੇ ਉਪਭੋਗਤਾਵਾਂ ਲਈ ਟੋਲ ਰਾਹਤ

3. ਟੋਲ ਸੜਕਾਂ ਦਾ ਨਿੱਜੀਕਰਨ ਅਤੇ ਟੋਲ ਸੜਕਾਂ ਦਾ ਰੋਜ਼ਮਰ੍ਹਾ ਸੰਚਾਲਨ

4. NSW ਸਰਕਾਰ ਦੀ ਨੀਤੀ - ਯੋਜਨਾਬੰਦੀ, ਜਨਤਕ ਆਵਾਜਾਈ, ਰਾਹਤ ਸਕੀਮਾਂ

5. ਕੀਮਤ ਦੀ ਵੱਧ ਤੋਂ ਵੱਧ ਹੱਦ ਤੈਅ ਕਰਨੀ

6. ਭੀੜ-ਭੜੱਕੇ ਵਿੱਚ ਖੜ੍ਹੇ ਰਹਿਣ ਜਾਂ ਹੋਰ ਦੇਰੀ ਲਈ ਟੋਲ ਮੁਆਫ਼ੀ ਅਤੇ ਕਟੌਤੀ

7. ਮੋਟਰਹੋਮਸ, ਮਨੋਰੰਜਨ ਵਾਹਨਾਂ, ਕੈਂਪਰਵੈਨਾਂ ਲਈ ਟੋਲ ਵਿੱਚ ਛੋਟ ਜਾਂ ਕਟੌਤੀ

8. ਦੂਰੀ-ਅਧਾਰਿਤ ਕੀਮਤ

9. ਮੋਟਰਸਾਈਕਲਾਂ ਲਈ ਟੋਲ ਵਿੱਚ ਛੋਟ ਜਾਂ ਕਟੌਤੀ

10. ਪੀਕ/ਆਫ਼-ਪੀਕ (ਵੱਧ/ਘੱਟ ਆਵਾਜਾਈ) ਕੀਮਤ

## ਇੱਕ ਨਜ਼ਰ ਵਿੱਚ ਹੋਰ ਵਿਸ਼ੇ

ਹੋਰ ਵਿਸ਼ੇ ਜਿਨ੍ਹਾਂ ਦਾ ਆਮ ਲੋਕਾਂ ਦੀਆਂ ਰਾਏ -ਸੁਝਾਅ ਬੇਨਤੀਆਂ ਵਿੱਚ ਜ਼ਿਕਰ ਕੀਤਾ ਗਿਆ ਸੀ:

1. ਕੈਸ਼ਬੈਕ (ਪੈਸੇ ਵਾਪਸ ਮੋੜਨਾ), ਛੋਟਾਂ ਅਤੇ ਟੋਲ ਰਾਹਤ ਸਕੀਮਾਂ
2. ਜ਼ੋਨ ਮੁਤਾਬਕ ਕੀਮਤ ਰੱਖਣਾ, ਸੀਬੀਡੀ ਜ਼ੋਨ ਜਾਂ ਹੋਰ ਕੋਰਡਨ ਜ਼ੋਨਾਂ ਸਮੇਤ
3. ਭਾਰੀ ਵਾਹਨਾਂ ਲਈ ਟੋਲ ਲਗਾਉਣ ਅਤੇ ਟੋਲ ਸੜਕਾਂ ਵਿੱਚ ਬਦਲਾਅ
4. ਪੈਨਸ਼ਨਰਾਂ ਅਤੇ ਘੱਟ ਆਮਦਨ ਵਾਲੇ ਲੋਕਾਂ ਲਈ ਵਿਸ਼ੇਸ਼ ਰਾਹਤ
5. ਟੋਲ ਕੀਮਤਾਂ ਦੀ ਇਕਸਾਰਤਾ ਅਤੇ ਸਰਲੀਕਰਨ, ਟੋਲ ਕੀਮਤਾਂ ਬਾਰੇ ਬਿਹਤਰ ਜਾਣਕਾਰੀ ਸੰਚਾਰ ਕਰਨਾ
6. ਇਲੈਕਟ੍ਰਿਕ ਵਾਹਨਾਂ ਲਈ ਰਾਹਤ
7. ਟੋਲਿੰਗ ਮਾਲੀਏ ਦੀ ਵਰਤੋਂ ਬਾਰੇ ਪਾਰਦਰਸ਼ਤਾ

## ਮੁੱਖ ਵਿਸ਼ੇ ਵਿਸਤਾਰ ਸਹਿਤ

### 1. ਟੋਲ ਕੀਮਤਾਂ ਅਤੇ ਪ੍ਰਬੰਧਕੀ ਫ਼ੀਸਾਂ ਅਤੇ ਖ਼ਰਚਿਆਂ ਨੂੰ ਬਰਾਬਰ ਅਤੇ ਨਿਰਧਾਰਨ ਕਰਨਾ

ਆਮ ਲੋਕਾਂ ਵੱਲੋਂ ਦਿੱਤੀਆਂ ਗਈਆਂ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਸਭ ਤੋਂ ਆਮ ਮੁੱਦਾ ਟੋਲ ਕੀਮਤਾਂ ਦਾ ਸਮੁੱਚੇ ਪੱਧਰ 'ਤੇ ਬਰਾਬਰਤਾ ਅਤੇ ਨਿਰਧਾਰਨ ਕਰਨਾ ਸੀ। ਇਸ ਵਿੱਚ ਜੁਰਮਾਨੇ ਅਤੇ ਨਿਯਮਤ ਤੌਰ 'ਤੇ ਟੋਲ ਕੀਮਤ ਵਿੱਚ ਵਾਧੇ ਸਮੇਤ ਪ੍ਰਬੰਧਕੀ ਫ਼ੀਸਾਂ ਅਤੇ ਖ਼ਰਚਿਆਂ ਦੀ ਚਰਚਾ ਵੀ ਸ਼ਾਮਲ ਹੈ।

ਬਹੁਤ ਜ਼ਿਆਦਾ ਹਾਵੀ ਭਾਵਨਾ ਇਹ ਸੀ ਕਿ NSW ਵਿੱਚ ਟੋਲ ਬਹੁਤ ਮਹਿੰਗੇ ਹਨ, ਖ਼ਾਸ ਤੌਰ 'ਤੇ ਰਹਿਣ-ਸਹਿਣ ਦੀ ਕੀਮਤ ਦੇ ਦਬਾਅ, ਬਹੁਤ ਜ਼ਿਆਦਾ ਟੈਕਸਾਂ ਦੀ ਰੌਸ਼ਨੀ ਵਿੱਚ - ਜਿਸ ਵਿੱਚ ਈਂਧਨ ਆਬਕਾਰੀ ਟੈਕਸ ਸਮੇਤ ਵਾਹਨ ਦੀ ਮਾਲਕੀ ਨਾਲ ਸੰਬੰਧਿਤ ਹੋਰ ਲਾਗਤਾਂ ਸਮੇਤ ਬੀਮਾ, ਮੁਰਮੰਤ ਅਤੇ ਰਜਿਸਟ੍ਰੇਸ਼ਨ; ਟੋਲ ਵਧਣ ਦੀ ਨਿਯਮਤਤਾ; ਸਮੁੱਚੀ ਟੋਲ ਕੀਮਤ ਪ੍ਰਣਾਲੀ ਤੋਂ ਪੈਦਾ ਹੋਣ ਵਾਲੇ ਅਸਮਾਨ ਸਮਾਜਿਕ ਨਤੀਜੇ; ਅਤੇ ਟੋਲ ਦੀ ਮਹਿੰਗੀ ਪ੍ਰਕਿਰਤੀ ਉਪਭੋਗਤਾ ਦੇ ਵਿਵਹਾਰ ਨੂੰ ਕਿਵੇਂ ਚਲਾਉਂਦੀ ਹੈ (ਜਿਵੇਂ ਕਿ ਵਾਹਨ ਚਾਲਕਾਂ ਨੂੰ ਰੋਕਣ ਵਾਲੀਆਂ ਕੀਮਤਾਂ ਦੇ ਕਾਰਨ ਟੋਲ ਸੜਕਾਂ ਦੀ ਵਰਤੋਂ ਕਰਨ ਤੋਂ ਪ੍ਰਹੇਜ਼ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ।) ਸ਼ਾਮਿਲ ਹਨ।

#### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- “ਮੋਟਰ ਰਸਤਿਆਂ ਨੂੰ ਲੰਬੀਆਂ ਅਤੇ ਗੁੰਝਲਦਾਰ ਦੂਰੀਆਂ ਦੀ ਯਾਤਰਾ ਕਰਨ ਲਈ ਇੱਕ ਸੁਵਿਧਾਜਨਕ ਸਾਧਨ ਮੰਨਿਆ ਜਾਂਦਾ ਹੈ, ਅਤੇ ਮੌਜੂਦਾ ਟੋਲ ਦਰਾਂ ਇਸ ਵਿੱਚ ਰੁਕਾਵਟ ਬਣ ਰਹੀਆਂ ਹਨ।”

- "ਮੌਜੂਦਾ ਟੋਲ ਕੀਮਤਾਂ ਆਮ ਅਤੇ ਰੋਜ਼ਮਰ੍ਹਾ ਯਾਤਰੀਆਂ ਲਈ ਪੂਰੀ ਤਰ੍ਹਾਂ ਨਾਵਾਜਿਬ ਹਨ।"
- "ਕੀਮਤਾਂ ਰੁਕਾਵਟ ਪਾਉਣ ਵਾਲਿਆਂ ਹਨ ਅਤੇ ਆਵਾਜਾਈ ਨੂੰ ਆਲੇ-ਦੁਆਲੇ ਦੀਆਂ ਸੜਕਾਂ 'ਤੇ ਧਕੇਲ ਦਿੰਦੀਆਂ ਹਨ ਜਿਸ ਨਾਲ ਇਹ ਸਮੁੱਚੇ ਤੌਰ 'ਤੇ ਇੱਕ ਡਰਾਉਣਾ ਸੁਪਨਾ ਬਣ ਜਾਂਦਾ ਹੈ।"
- "ਕਾਰ ਰਜਿਸਟਰੇਸ਼ਨ, ਲਾਇਸੈਂਸ ਅਤੇ ਪੈਟਰੋਲ 'ਤੇ ਜੋ ਟੈਕਸ ਅਸੀਂ ਅਦਾ ਕਰਦੇ ਹਾਂ, ਉਹ ਸਾਡੇ ਸੜਕੀ ਨੈੱਟਵਰਕ ਨੂੰ ਬਣਾਉਣ ਅਤੇ ਸੰਭਾਲਣ ਲਈ ਲਏ ਜਾਂਦੇ ਹਨ, ਪਰ ਜਾਂ ਤਾਂ ਅਜਿਹਾ ਹੋ ਨਹੀਂ ਰਿਹਾ, ਜਾਂ ਸਰਕਾਰ ਅਤੇ ਨਿਵਾਸੀਆਂ ਨੂੰ ਲੁੱਟਿਆ ਜਾ ਰਿਹਾ ਹੈ।"
- "ਜਨਤਕ ਸੜਕਾਂ 'ਤੇ ਬਿਲਕੁਲ ਵੀ ਟੋਲ ਨਹੀਂ ਲਗਾਇਆ ਜਾਣਾ ਚਾਹੀਦਾ ਹੈ। ਸਾਡੇ ਤੋਂ ਪਹਿਲਾਂ ਹੀ ਕਈ ਵਾਰ ਸਾਡੀਆਂ ਕਾਰਾਂ ਦੀ ਵਰਤੋਂ ਕਰਨ ਅਤੇ ਸੜਕਾਂ ਲਈ ਭੁਗਤਾਨ ਕਰਨ ਲਈ ਖ਼ਰਚਾ ਲਿਆ ਜਾਂਦਾ ਹੈ।"
- "ਟੋਲ ਦੀਆਂ ਕੀਮਤਾਂ ਸਿਡਨੀ ਦੀ ਸਭ ਤੋਂ ਗਰੀਬ ਆਬਾਦੀ ਪ੍ਰਤੀ ਪੱਖਪਾਤ ਪੂਰਨ ਹਨ।"
- "ਸਰਕਾਰ ਨੂੰ ਅਸਲ 'ਚ ਇਹ ਸਮਝਣ ਦੀ ਲੋੜ ਹੈ ਕਿ ਅਸੀਂ ਕਿੰਨਾ ਜੂਝ ਰਹੇ ਹਾਂ। ਹੁਣ ਸਾਡੇ ਕੋਲ ਸਾਡੀ ਬੱਚਤ ਵਿੱਚ ਪੈਸੇ ਬਾਕੀ ਨਹੀਂ ਹਨ।"
- "ਸਰਕਾਰ ਸਿਡਨੀ ਦੇ ਪੱਛਮ ਤੋਂ ਬਾਹਰ ਜਾਣ ਲਈ ਇੰਨਸੈਂਟਿਵ (ਪ੍ਰੋਤਸਾਹਨ) ਦਿੰਦੀ ਹੈ, ਤਾਂ ਕਿ ਪਹਿਲੇ ਘਰ ਖ਼ਰੀਦਦਾਰਾਂ ਨੂੰ ਇੰਨਸੈਂਟਿਵ (ਪ੍ਰੋਤਸਾਹਨ) ਦੇਣ ਲਈ ਇੱਕ ਬਿਹਤਰ ਮੌਕਾ ਦਿੱਤਾ ਜਾ ਸਕੇ, ਫਿਰ ਵੀ ਟੋਲ ਵਿੱਚ ਭਾਰੀ ਵਾਧਾ ਕਰ ਰਹੀ ਹੈ।"
- "ਬਹੁਤ ਜ਼ਿਆਦਾ ਖ਼ਰਚੇ ਸਮਾਜਿਕ-ਆਰਥਿਕ ਗਤੀਸ਼ੀਲਤਾ ਵਿੱਚ ਰੁਕਾਵਟ ਪਾਉਂਦੇ ਹਨ ਅਤੇ ਲੋਕ ਦੀ ਆਪਣੇ ਨਜ਼ਦੀਕੀ ਖੇਤਰਾਂ ਤੋਂ ਬਾਹਰ ਸਥਿਤ ਰੁਜ਼ਗਾਰ, ਸਿੱਖਿਆ, ਸਿਹਤ ਸੰਭਾਲ, ਅਤੇ ਹੋਰ ਜ਼ਰੂਰੀ ਸੇਵਾਵਾਂ ਪ੍ਰਾਪਤ ਕਰਨ ਦੀ ਯੋਗਤਾ ਨੂੰ ਸੀਮਤ ਕਰਦੇ ਹਨ।"
- "ਸਿਡਨੀ ਦੇ ਪਰਿਵਾਰਾਂ ਨੂੰ ਉਨ੍ਹਾਂ ਦੇ ਅਜ਼ੀਜ਼ਾਂ ਨੂੰ ਮਿਲਣ ਲਈ ਸਜ਼ਾ ਦਿੱਤੀ ਜਾ ਰਹੀ ਹੈ, ਖ਼ਾਸ ਕਰਕੇ ਪੱਛਮ ਵਿਚਲੇ ਆਪਣੇ ਪਰਿਵਾਰਾਂ ਨੂੰ ਮਿਲਣ ਲਈ।"
- "ਮੈਂ ਇੱਕ ਘੱਟ ਆਮਦਨੀ ਵਾਲਾ ਵਿਅਕਤੀ ਹਾਂ, ਆਪਣੇ ਬੱਚਿਆਂ ਦੇ ਸਿਰਾਂ ਉੱਤੇ ਛੱਤ ਰੱਖਣ ਲਈ ਸਕੂਲੀ ਸਮੇਂ ਦੌਰਾਨ ਕੰਮ ਕਰਦਾ ਹਾਂ। ਪਿਛਲੇ ਵਿੱਤੀ ਸਾਲ ਵਿੱਚ ਮੈਂ ਟੋਲ ਵਿੱਚ $2400 ਤੋਂ ਵੱਧ ਦਾ ਭੁਗਤਾਨ ਕੀਤਾ ਸੀ, ਮੈਂ ਹੌਲੀ ਚੱਲਦੇ ਟ੍ਰੈਫਿਕ ਵਿੱਚ ਉਡੀਕ ਕਰਨ ਦਾ ਭੁਗਤਾਨ ਕਰਨ ਲਈ ਇੱਕ ਮਹੀਨਾ ਕੰਮ ਕੀਤਾ ਹੈ।

## 2. ਕਾਰ ਸਾਂਝੇ ਤੌਰ 'ਤੇ ਵਰਤਣ ਵਾਲੇ ਉਪਭੋਗਤਾਵਾਂ ਲਈ ਟੋਲ ਰਾਹਤ

ਬਹੁਤ ਸਾਰੀਆਂ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਕਾਰ ਸ਼ੇਅਰ ਵਾਹਨਾਂ ਅਤੇ ਮੌਜੂਦਾ NSW ਟੋਲਿੰਗ ਪ੍ਰਣਾਲੀ ਦੇ ਤਹਿਤ ਅਜਿਹੇ ਵਾਹਨਾਂ ਲਈ ਵਰਤਮਾਨ ਵਿੱਚ ਦਿੱਤੀ ਗਈ ਟੋਲਿੰਗ ਰਾਹਤ ਦੀ ਘਾਟ ਦਾ ਜ਼ਿਕਰ ਕੀਤਾ ਗਿਆ ਹੈ। ਜਨਤਕ ਸਲਾਹ-ਮਸ਼ਵਰੇ ਦੀ ਮਿਆਦ ਦੇ ਦੌਰਾਨ, ਕਾਰ ਸ਼ੇਅਰ ਉਪਭੋਗਤਾਵਾਂ ਲਈ ਟੋਲ ਰਾਹਤ ਦੇ ਸਮਰਥਨ ਵਿੱਚ GoGet ਦੇ ਮੈਂਬਰਾਂ ਤੋਂ ਵੱਡੀ ਗਿਣਤੀ ਵਿੱਚ ਰਾਏ-ਸੁਝਾਅ ਦੀਆਂ ਬੇਨਤੀਆਂ ਪ੍ਰਾਪਤ ਹੋਈਆਂ ਸਨ। ਪੀਅਰ-ਟੂ-ਪੀਅਰ ਕਾਰ ਸ਼ੇਅਰਿੰਗ ਸੇਵਾਵਾਂ ਜਿਵੇਂ ਕਿ Uber ਕਾਰਸ਼ੇਅਰ (Uber ਤੋਂ ਵੱਖਰਾ ਹੈ) ਦਾ ਵੀ ਜ਼ਿਕਰ ਕੀਤਾ ਗਿਆ ਸੀ।

ਇੱਕ ਆਮ ਵਿਸ਼ਾ ਇਹ ਸੀ ਕਿ ਭਾਈਚਾਰੇ ਨੂੰ ਕਾਰ ਸ਼ੇਅਰਿੰਗ ਸੇਵਾਵਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਨੇ ਇਸਦੇ ਲਾਭਾਂ ਨੂੰ ਗਿਣਾਇਆਂ ਜਿਵੇਂ ਕਿ ਕਾਰ ਸ਼ੇਅਰਿੰਗ ਦਾ ਨਿੱਜੀ ਕਾਰ ਦੀ ਮਾਲਕੀ ਨਾਲੋਂ ਵਧੇਰੇ ਵਾਤਾਵਰਣ ਟਿਕਾਊ ਹੋਣਾ, ਸੜਕਾਂ 'ਤੇ ਸਮੁੱਚੀ

ਭੀੜ ਨੂੰ ਘਟਾਉਣ ਵਿੱਚ ਮੱਦਦ ਕਰਨਾ, ਅਤੇ ਉੱਚ-ਘਣਤਾ ਵਾਲੇ ਖੇਤਰਾਂ ਵਿੱਚ ਪਾਰਕਿੰਗ ਸਮੱਸਿਆਵਾਂ ਨੂੰ ਦੂਰ ਕਰਨ ਵਿੱਚ ਮੱਦਦ ਕਰਨਾ। ਇਹਨਾਂ ਬੇਨਤੀਆਂ ਵਿੱਚ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਾਰ ਸ਼ੇਅਰ ਵਾਹਨਾਂ ਲਈ ਮੌਜੂਦਾ ਟੋਲਿੰਗ ਪ੍ਰਣਾਲੀ ਵਿੱਚ ਪ੍ਰਦਾਨ ਕੀਤੀ ਗਈ ਟੋਲ ਰਾਹਤ ਦੀ ਘਾਟ ਅਜਿਹੀਆਂ ਸੇਵਾਵਾਂ ਦੀ ਵਰਤੋਂ ਕਰਨ ਲਈ ਨਿਰਾਸ਼ਾ ਵਜੋਂ ਕੰਮ ਕਰ ਰਹੀ ਸੀ। ਅਤੇ ਇਹ ਕਿ ਨਿੱਜੀ ਕਾਰਾਂ ਦੇ ਮਾਲਕਾਂ ਨੂੰ ਟੋਲਿੰਗ ਰਾਹਤ ਵਧਾਉਣਾ ਬੇਇਨਸਾਫ਼ੀ ਸੀ ਜਦੋਂ ਕਿ ਕਾਰ ਸ਼ੇਅਰ ਸੇਵਾਵਾਂ ਦੇ ਉਪਭੋਗਤਾਵਾਂ ਨੂੰ ਉਹੀ ਰਾਹਤ ਨਹੀਂ ਦਿੱਤੀ ਜਾਂਦੀ ਹੈ। ਜਦੋਂ ਕਿ ਕੁੱਝ ਬੇਨਤੀਆਂ ਵਿੱਚ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕਾਰ ਸ਼ੇਅਰ ਉਪਭੋਗਤਾਵਾਂ ਨੂੰ ਟੋਲ ਰਾਹਤ ਤੱਕ ਪਹੁੰਚ ਦਿੱਤੀ ਜਾਣੀ ਚਾਹੀਦੀ ਹੈ, ਦੂਜਿਆਂ ਨੇ ਦਲੀਲ ਦਿੱਤੀ ਕਿ ਉਹਨਾਂ ਨੂੰ ਟੋਲ ਦਾ ਭੁਗਤਾਨ ਕਰਨ ਤੋਂ ਪੂਰੀ ਤਰ੍ਹਾਂ ਛੋਟ ਦਿੱਤੀ ਜਾਣੀ ਚਾਹੀਦੀ ਹੈ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- “ਇਹ ਨੋਟ ਕਰਨਾ ਨਿਰਾਸ਼ਾਜਨਕ ਰਿਹਾ ਹੈ ਕਿ ਕਾਰ ਸ਼ੇਅਰ ਉਪਭੋਗਤਾਵਾਂ ਨੂੰ ਉਹਨਾਂ ਦੀ ਆਵਾਜਾਈ ਦੇ ਵਾਤਾਵਰਣ-ਅਨੁਕੂਲ ਤਰੀਕਿਆਂ ਪ੍ਰਤੀ ਵਚਨਬੱਧਤਾ ਦੇ ਬਾਵਜੂਦ ਵੀ ਟੋਲ ਰਾਹਤ ਨਹੀਂ ਦਿੱਤੀ ਜਾਂਦੀ ਹੈ।”
- “ਜੇਕਰ ਨਿੱਜੀ ਕਾਰ ਮਾਲਕਾਂ ਲਈ ਟੋਲ ਰਾਹਤ ਉਪਲਬਧ ਹੈ, ਤਾਂ ਇਹ ਕਾਰ ਸ਼ੇਅਰ ਕਰਨ ਵਾਲੇ ਯਾਤਰੀਆਂ ਲਈ ਕਿਉਂ ਨਹੀਂ ਹੈ? ਅਸੀਂ ਉਹੀ ਸੜਕਾਂ ਦੀ ਵਰਤੋਂ ਕਰਦੇ ਹਾਂ ਅਤੇ ਉਕਤ ਸੜਕਾਂ ਲਈ ਉਹੀ ਟੈਕਸ ਦਿੰਦੇ ਹਾਂ।”
- “GoGet ਕਾਰ ਸ਼ੇਅਰ ਉਪਭੋਗਤਾਵਾਂ ਲਈ ਟੋਲ ਰਾਹਤ ਸਰਕਾਰ ਦੇ ਟਿਕਾਊ ਆਵਾਜਾਈ ਵਿਕਲਪਾਂ ਨੂੰ ਉਤਸ਼ਾਹਿਤ ਕਰਨ, ਵਾਤਾਵਰਣ ਦੇ ਟੀਚਿਆਂ ਨੂੰ ਪ੍ਰਾਪਤ ਕਰਨ, ਅਤੇ NSW ਨਿਵਾਸੀਆਂ ਲਈ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੇ ਵਿਆਪਕ ਉਦੇਸ਼ਾਂ ਨਾਲ ਇਕਸਾਰ ਹੈ।”
- "ਤੁਹਾਨੂੰ ਚੰਗੇ ਵਿਵਹਾਰ ਨੂੰ ਪੁਰਸਕਾਰ ਦੇਣ ਦੀ ਲੋੜ ਹੈ - ਸ਼ੇਅਰ ਕਾਰ ਉਪਭੋਗਤਾ ਨੂੰ ਟੋਲ ਰਾਹਤ ਦਿਓ।"
- “ਇਸਦਾ ਕੋਈ ਮਤਲਬ ਨਹੀਂ ਹੈ ਕਿ ਅਸੀਂ ਸਹੀ ਕੰਮ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਸੜਕਾਂ 'ਤੇ ਬੇਲੋੜੀਆਂ ਕਾਰਾਂ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਫਿਰ ਸਾਡੇ ਦੁਆਰਾ ਅਦਾ ਕੀਤੇ ਟੋਲ ਨੂੰ ਵਾਪਸ ਲੈਣ ਦਾ ਦਾਅਵਾ ਕਰਨਯੋਗ ਨਾ ਹੋਣ ਕਰਕੇ ਦੰਡਿਤ ਕੀਤੇ ਜਾਂਦੇ ਹਾਂ - ਜਿਵੇਂ ਕਿ ਅਸੀਂ ਆਪਣੀ ਕਾਰ ਦੀ ਵਰਤੋਂ ਕਰਨ ਦੇ ਕਾਰਨ ਹੁੰਦੇ ਸੀ।"

## 3. ਟੋਲ ਸੜਕਾਂ ਦਾ ਨਿੱਜੀਕਰਨ ਅਤੇ ਟੋਲ ਸੜਕਾਂ ਦਾ ਰੋਜ਼ਮਰ੍ਹਾ ਸੰਚਾਲਨ

ਜਨਤਕ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਤੀਜਾ ਸਭ ਤੋਂ ਵੱਧ ਆਮ ਤੌਰ 'ਤੇ ਉਠਾਇਆ ਗਿਆ ਮੁੱਦਾ ਟੋਲ ਸੜਕਾਂ ਦਾ ਨਿੱਜੀਕਰਨ ਕਰਨਾ ਸੀ। ਕਈਆਂ ਨੇ ਟੋਲ ਸੜਕਾਂ ਦੀ ਮਲਕੀਅਤ ਅਤੇ ਨਿੱਜੀ ਕੰਪਨੀਆਂ ਦੁਆਰਾ ਚਲਾਏ ਜਾਣ ਦੇ ਵਿਰੁੱਧ ਦਲੀਲ ਦਿੱਤੀ, ਇਹ ਧਿਆਨ ਵਿੱਚ ਲਿਆਉਂਦੇ ਹੋਏ ਕਿ ਟੋਲ ਸੜਕਾਂ ਭਾਈਚਾਰੇ ਲਈ ਬੁਨਿਆਦੀ ਢਾਂਚੇ ਦੇ ਮਹੱਤਵਪੂਰਨ ਹਿੱਸੇ ਹਨ ਅਤੇ ਰਾਜ ਦੁਆਰਾ ਮਲਕੀਅਤ ਅਤੇ ਚਲਾਈਆਂ ਜਾਣੀਆਂ ਚਾਹੀਦੀਆਂ ਹਨ - ਖ਼ਾਸ ਕਰਕੇ ਇਸ ਲਈ ਕਿਉਂਕਿ ਜਨਤਾ ਉਹਨਾਂ ਦੇ ਨਿਰਮਾਣ ਲਈ ਪੈਸੇ ਦੇਣ ਵਿੱਚ ਮੱਦਦ ਕਰਨ ਲਈ ਟੈਕਸ ਅਦਾ ਕਰਦੀ ਹੈ। ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਵੱਖ-ਵੱਖ ਟੋਲ ਰੋਡ ਓਪਰੇਟਰਾਂ ਵਿਚਕਾਰ ਹੋਰ ਮੁਕਾਬਲੇ ਨੂੰ ਉਤਸ਼ਾਹਿਤ ਕਰਨ ਅਤੇ ਘੱਟ ਕੀਮਤਾਂ ਵਿੱਚ ਮੱਦਦ ਕਰਨ ਲਈ ਮੁਕਾਬਲੇਬਾਜ਼ੀ ਦੇ ਰੈਗੂਲੇਟਰ ਦੀ ਸ਼ਮੂਲੀਅਤ ਕੀਤੇ ਜਾਣ ਦੀ ਮੰਗ ਕੀਤੀ ਗਈ ਹੈ। ਅਹਿਮ ਗਿਣਤੀ ਲੋਕਾਂ ਨੇ ਵੱਖ-ਵੱਖ ਨਿੱਜੀ ਤੌਰ 'ਤੇ ਸੰਚਾਲਿਤ ਟੋਲ ਸੜਕਾਂ - ਖ਼ਾਸ ਕਰਕੇ M2 ਅਤੇ M5 ਦੀ ਮਾੜੀ ਸਥਿਤੀ 'ਤੇ ਵੀ ਟਿੱਪਣੀ ਕੀਤੀ, ਟੋਲ ਰੋਡ ਸੰਚਾਲਕਾਂ ਦੀ ਆਮ ਜਨਤਾ ਪ੍ਰਤੀ ਜਵਾਬਦੇਹੀ ਅਤੇ ਜ਼ਿੰਮੇਵਾਰੀ ਦੀ ਘਾਟ ਨੂੰ ਜ਼ਿੰਮੇਵਾਰ ਠਹਿਰਾਇਆ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- "ਸੜਕਾਂ ਇੱਕ ਜਨਤਕ ਸਰੋਤ ਹਨ, ਨਿੱਜੀ ਕਾਰੋਬਾਰਾਂ ਦੁਆਰਾ ਵੱਡੇ ਮਾਰਗਾਂ ਦੀ ਮਾਲਕੀ ਅਤੇ ਆਮਦਨੀ ਦੇ ਸਰੋਤ ਵਜੋਂ ਵਰਤੋਂ ਕਰਨਾ ਬੇਇਨਸਾਫ਼ੀ ਹੈ, ਅਤੇ ਇਸਦੇ ਸੜਕੀ ਨੈੱਟਵਰਕਾਂ ਲਈ ਜ਼ਿੰਮੇਵਾਰੀ ਲੈਣ ਅਤੇ ਉਹਨਾਂ ਨੂੰ ਸੰਭਾਲਣ ਵਿੱਚ ਸਰਕਾਰ ਦੀ ਅਸਫਲਤਾ ਦਾ ਸੰਕੇਤ ਹੈ।"
- "ਕੀਮਤਾਂ ਰੱਖਣ ਵਿੱਚ ਮੁਕਾਬਲੇਬਾਜ਼ੀ ਪੈਦਾ ਕਰਨ ਲਈ ਟੋਲ ਰੋਡ ਦੀ ਮਾਲਕੀ 'ਤੇ ਏਕਾਧਿਕਾਰ ਦੇ ਵਿਰੁੱਧ ਨਿਯਮ-ਕਾਨੂੰਨ ਹੋਣਾ ਚਾਹੀਦਾ ਹੈ।"
- "ਮੁਨਾਫ਼ਾ ਕਮਾਉ ਮਾਡਲ ਦੇ ਅਧੀਨ ਚਲਾਇਆ ਜਾਣ ਵਾਲਾ ਬੁਨਿਆਦੀ ਢਾਂਚਾ ਔਸਤ ਖਪਤਕਾਰ ਨੂੰ ਤੰਗ ਕਰਦਾ ਹੈ ਜਿਸ ਕੋਲ ਦੂਜੇ ਸਾਧਨਾਂ ਦੀ ਵਰਤੋਂ ਕਰਨ ਲਈ ਬਹੁਤ ਘੱਟ ਵਿਕਲਪ ਹੁੰਦੇ ਹਨ, ਜਾਂ ਦੂਸਰੇ ਵਿਕਲਪ ਹੋਰ ਤਰੀਕਿਆਂ ਨਾਲ ਮਹਿੰਗੇ ਹੁੰਦੇ ਹਨ ਜਿਵੇਂ ਕਿ ਯਾਤਰਾ ਕਰਨ ਵਿੱਚ ਵੱਧ ਸਮਾਂ ਲੱਗਣਾ।"
- "ਆਪਰੇਟਰ ਲਈ ਸੜਕ ਨੂੰ ਸਵੀਕਾਰਯੋਗ ਹਾਲਤ ਵਿੱਚ ਕਾਇਮ ਰੱਖਣਾ ਲਾਜ਼ਮੀ ਹੋਣਾ ਚਾਹੀਦਾ ਹੈ।"
- "ਡਿਵੈਲਪਰ ਘਸੇ-ਪਿਟੇ ਪੁਰਾਣੇ ਤਰੀਕਿਆਂ ਨਾਲ ਸੜਕਾਂ ਬਣਾਉਂਦੇ ਜਾਪਦੇ ਹਨ (ਜਿਵੇਂ ਕਿ ਕਤਾਰਾਂ ਦੀ ਗਿਣਤੀ) ਤਾਂ ਜੋ ਉਹ ਸਰਕਾਰ ਨੂੰ ਸੜਕਾਂ ਚੌੜਾ ਕਰਨ ਦੀ ਪੇਸ਼ਕਸ਼ ਕਰਕੇ ਇਕਰਾਰਨਾਮੇ ਨੂੰ ਵਧਾਉਣ ਲਈ 'ਮਜ਼ਬੂਰ' ਕਰ ਸਕਣ। ਇਹ ਸੜਕ 'ਤੇ ਨਾਗਰਿਕ ਲਈ ਵਿਘਨ ਅਤੇ ਮਾੜਾ ਅਨੁਭਵ ਹੋਣ ਦਾ ਕਾਰਨ ਬਣਦਾ ਹੈ।"

### 4. NSW ਸਰਕਾਰ ਦੀ ਨੀਤੀ - ਯੋਜਨਾਬੰਦੀ, ਜਨਤਕ ਆਵਾਜਾਈ, ਰਾਹਤ ਸਕੀਮਾਂ

ਬਹੁਤ ਸਾਰੀਆਂ ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਵਿਆਪਕ ਨੀਤੀਆਂ ਦੇ ਸੰਬੰਧ ਵਿੱਚ NSW ਸਰਕਾਰ ਦੀ ਆਲੋਚਨਾ ਕੀਤੀ ਹੈ - ਇਹ ਜ਼ਰੂਰੀ ਤੌਰ 'ਤੇ ਸਿੱਧੇ ਤੌਰ 'ਤੇ ਟੋਲ ਵਾਲੀਆਂ ਸੜਕਾਂ ਨਾਲ ਸੰਬੰਧਿਤ ਨਹੀਂ ਹੈ - ਪਰ ਫਿਰ ਵੀ ਇਹ ਟੋਲ ਵਾਲੀਆਂ ਸੜਕਾਂ ਦੇ ਸੰਬੰਧ ਵਿੱਚ ਸਮੁੱਚੀ ਸਥਿਤੀ ਨੂੰ ਵਿਗਾੜਨ ਲਈ ਕੰਮ ਕਰਦੀਆਂ ਹਨ। ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਸਰਕਾਰ ਨੂੰ ਟੋਲ ਸੜਕਾਂ 'ਤੇ ਭਾਈਚਾਰੇ ਦੀ ਨਿਰਭਰਤਾ ਨੂੰ ਘਟਾਉਣ ਵਿੱਚ ਮੱਦਦ ਕਰਨ ਲਈ ਬਿਹਤਰ ਜਨਤਕ ਆਵਾਜਾਈ ਅਤੇ ਸਰਗਰਮ ਆਵਾਜਾਈ ਵਿਕਲਪ ਪ੍ਰਦਾਨ ਕਰਨ ਦੀ ਮੰਗ ਕੀਤੀ ਹੈ ਜਿਵੇਂ ਕਿ- ਮੈਟਰੋ ਲਾਈਨਾਂ, ਲਾਈਟ ਰੇਲ, ਬੱਸਾਂ, ਫੁੱਟਪਾਥ ਅਤੇ ਸਾਈਕਲ ਮਾਰਗਾਂ ਵਰਗੇ ਬਿਹਤਰ ਸ਼ਹਿਰ ਵਿਚਲੇ ਲਿੰਕਾਂ। ਹੋਰ ਬੇਨਤੀਆਂ ਨੇ ਮੌਜੂਦਾ ਟੋਲ ਪ੍ਰਣਾਲੀ ਵਿੱਚ ਟੋਲ ਰਾਹਤ ਦੇ ਨਾਲ ਸਮੁੱਚੇ ਤੌਰ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਹੈ, ਇਹ ਦਲੀਲ ਦਿੱਤੀ ਕਿ ਟੈਕਸਦਾਤਾ ਰਾਹਤ ਲਈ ਫ਼ੰਡ ਦੇ ਰਹੇ ਹਨ ਅਤੇ ਲਾਭ ਪ੍ਰਾਈਵੇਟ ਟੋਲ ਰੋਡ ਓਪਰੇਟਰਾਂ ਨੂੰ ਮਿਲ ਰਿਹਾ ਹੈ। ਰਾਏ-ਸੁਝਾਅ ਦੀਆਂ ਹੋਰ ਬੇਨਤੀਆਂ ਨੇ ਮੌਜੂਦਾ ਅਤੇ ਪਿਛਲੀਆਂ ਰਾਜ ਸਰਕਾਰਾਂ ਦੁਆਰਾ ਦੂਰਦਰਸ਼ਤਾ ਦੀ ਘਾਟ ਨੂੰ ਧਿਆਨ ਵਿੱਚ ਲਿਆਂਦਾ ਹੈ ਜਦੋਂ ਇਹ ਸ਼ਹਿਰ ਦੀ ਯੋਜਨਾਬੰਦੀ ਅਤੇ ਟੋਲ ਰੋਡ ਯੋਜਨਾਬੰਦੀ ਦੀ ਗੱਲ ਆਉਂਦੀ ਹੈ।

#### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- "ਸੜਕ ਨੈੱਟਵਰਕ 'ਤੇ ਦਬਾਅ ਨੂੰ ਘੱਟ ਕਰਨ ਵਿੱਚ ਮੱਦਦ ਕਰਨ ਲਈ ਅਸਲ 'ਚ ਲਾਭਦਾਇਕ, ਕੁਸ਼ਲ, ਅਤੇ ਵਿਹਾਰਕ ਜਨਤਕ ਆਵਾਜਾਈ ਵਿੱਚ ਵਧੇਰੇ ਨਿਵੇਸ਼ ਕੀਤਾ ਜਾਣਾ ਚਾਹੀਦਾ ਹੈ।"
- "ਬਿਹਤਰ ਕ੍ਰਾਸ ਸਿਟੀ ਲਿੰਕ (ਜਿਵੇਂ ਕਿ ਉੱਤਰ-ਦੱਖਣ ਚੱਲਦੀ ਰੇਲ ਜਾਂ ਮੈਟਰੋ ਲਾਈਨਾਂ) ਲੋਕਾਂ ਨੂੰ ਸੜਕ ਦੀ ਵਰਤੋਂ ਤੋਂ ਦੂਰ ਅਤੇ ਜਨਤਕ ਆਵਾਜਾਈ ਲਈ ਉਤਸ਼ਾਹਿਤ ਕਰਨ ਵਿੱਚ ਮੱਦਦ ਕਰਨਗੇ, ਜੋ ਕਿ ਭਾਰੀ ਵਾਹਨਾਂ ਵਰਗੀਆਂ ਚੀਜ਼ਾਂ ਨੂੰ ਸੜਕਾਂ 'ਤੇ ਆਸਾਨੀ ਨਾਲ ਆਵਾਜਾਈ ਕਰਨ ਦਿੰਦੇ ਹਨ।"
- "...ਸੂਬੇ ਵਿੱਚ ਟੋਲ ਕੀਮਤਾਂ ਵਿੱਚ ਰਿਆਇਤਾਂ ਦੀ ਪ੍ਰਵਾਨਗੀ ਵਿੱਚ ਦੂਰਦਰਸ਼ਤਾ ਦੀ ਸੰਪੂਰਨ ਘਾਟ ਨੇ ਉਪਭੋਗਤਾਵਾਂ 'ਤੇ ਅਜਿਹੇ ਭਾਰੀ ਵਿੱਤੀ ਬੋਝ ਦੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਸਰਕਾਰ ਲਈ ਟੋਲ ਰਾਹਤ ਪ੍ਰੋਗਰਾਮ ਵਿੱਚ ਦਖ਼ਲ ਦੇਣਾ ਜ਼ਰੂਰੀ ਹੋ ਗਿਆ ਹੈ। 'ਟੋਲ ਰਿਲੀਫ਼' ਪ੍ਰੋਗਰਾਮ ਪ੍ਰਭਾਵੀ ਤੌਰ 'ਤੇ ਟ੍ਰਾਂਸ-ਅਰਬਨ ਨੂੰ ਟੈਕਸਦਾਤਾ ਦੁਆਰਾ ਦਿੱਤਾ ਗਿਆ ਪੈਸੇ ਵੰਡਣ ਦਾ ਪ੍ਰੋਗਰਾਮ ਹੈ, ਅਤੇ ਇਹ ਉਹਨਾਂ ਨੂੰ ਬੇਤੁਕੀਆਂ ਰਿਆਇਤਾਂ ਤੋਂ ਮੁਨਾਫ਼ਾ ਜਾਰੀ ਰੱਖਣ ਦਿੰਦਾ ਹੈ ਜੋ ਉਹਨਾਂ ਨੂੰ ਔਸਤ ਮਹਿੰਗਾਈ ਤੋਂ ਵੱਧ ਦਰ 'ਤੇ 2 ਦਹਾਕਿਆਂ ਤੋਂ ਵੱਧ ਸਮੇਂ ਲਈ ਟੋਲ ਵਧਾਉਣ ਦੀ ਆਗਿਆ ਦਿੰਦਾ ਹੈ।"

### 5. ਕੀਮਤ ਦੀ ਵੱਧ ਤੋਂ ਵੱਧ ਹੱਦ ਤੈਅ ਕਰ

ਪੰਜਵਾਂ ਸਭ ਤੋਂ ਆਮ ਮੁੱਦਾ ਟੋਲ ਲੈਣ ਦੀ ਵੱਧ ਤੋਂ ਵੱਧ ਕੀਮਤ ਬਾਰੇ ਹੱਦ ਮਿਥਣ ਦੀ ਲੋੜ ਨਾਲ ਸੰਬੰਧਿਤ ਸੀ। ਕਈਆਂ ਨੇ ਰੋਜ਼ਾਨਾ ਕੈਪ ਦੀ ਮੰਗ ਕੀਤੀ ਜਦੋਂ ਕਿ ਦੂਜਿਆਂ ਨੇ ਹਫ਼ਤਾਵਾਰੀ, ਮਾਸਿਕ, ਤਿਮਾਹੀ ਜਾਂ ਸਾਲਾਨਾ ਵੱਧ ਤੋਂ ਵੱਧ ਹੱਦ ਮਿਥਣ ਦੀ ਮੰਗ ਕੀਤੀ। ਹੋਰਾਂ ਨੇ ਮੌਜੂਦਾ ਟੋਲ ਰਿਲੀਫ਼ ਰੀਬੇਟ ਸਕੀਮ ਤੋਂ ਇਲਾਵਾ 2024 ਦੇ ਸ਼ੁਰੂ ਵਿੱਚ $60 ਦਾ ਹਫ਼ਤਾਵਾਰੀ ਟੋਲ ਕੈਪ ਸ਼ੁਰੂ ਕਰਨ ਦੀ ਮੌਜੂਦਾ ਸਰਕਾਰ ਦੀ ਯੋਜਨਾ ਲਈ ਆਮ ਸਮਰਥਨ ਪ੍ਰਗਟ ਕੀਤਾ।

#### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- “ਸਾਨੂੰ ਅਸਲ ਵਿੱਚ ਰੇਲਗੱਡੀਆਂ ਦੀਆਂ ਬੱਸਾਂ ਅਤੇ ਟੋਲ ਸੜਕਾਂ ਲਈ ਕਿਸ਼ਤੀਆਂ ਲਈ ਓਪਲ ਕਾਰਡ (Opal) ਵਰਗੀ ਪ੍ਰਣਾਲੀ ਸ਼ੁਰੂ ਕਰਨ ਦੀ ਲੋੜ ਹੈ, ਰਹਿਣ-ਸਹਿਣ ਦੀ ਕੀਮਤ ਦੇ ਸੰਕਟ ਨਾਲ ਲੋਕਾਂ ਲਈ ਬਿਹਤਰ ਢੰਗ ਨਾਲ ਸਿੱਝਣ ਵਿੱਚ ਮੱਦਦ ਕਰਨ ਲਈ ਰੋਜ਼ਾਨਾ ਅਤੇ ਹਫ਼ਤਾਵਾਰ ਕੈਪ ਰੱਖੋ।”
- “ਟੋਲਾਂ ਨੂੰ ਰੱਦ ਕਰਨ ਜਾਂ ਬੰਦ ਕਰਨ ਦੀ ਲੋੜ ਹੈ। ਹਰ ਤਿਮਾਹੀ ਵਿੱਚ ਹਰ ਟੋਲ, ਹਰ ਸੜਕ, ਤਿਮਾਹੀ ਵਾਧਾ ਸਿਰਫ਼ ਨਾ ਸਹਾਰਨਯੋਗ ਹੈ। ਸਰਗਰਮ ਜੀਵਨਸ਼ੈਲੀ ਜਿਊਣ ਅਤੇ ਵੱਖ-ਵੱਖ ਭਾਈਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਪੈਨਸ਼ਨਰ ਹੋਣ ਦੇ ਨਾਤੇ, ਇਹ ਟੋਲ ਲੱਗੇ ਰਸਤਿਆਂ ਨੂੰ ਹੋਰ ਮੁਨਾਫ਼ਾਕਾਰੀ ਬਣਾਉਣ ਲਈ ਭੁਗਤਾਨ ਕਰਨ ਵਾਲੀ ਮੇਰੀ ਪੈਨਸ਼ਨ ਦਾ ਕਾਫ਼ੀ ਵੱਡਾ ਹਿੱਸਾ ਹੈ।"
- “[ਕੈਪ ਲਗਾਉਣ ਦਾ] ਨੁਕਸਾਨ ਇਹ ਹੈ ਕਿ ਰਿਆਇਤਾਂ ਪ੍ਰਾਪਤ ਕਰਨ ਵਾਲਿਆਂ ਨੂੰ ਅਜੇ ਵੀ ਮਾਲੀਆ ਮਿਲੇਗਾ, ਅਤੇ ਉਹ ਮਾਲੀਆ (ਕੈਪ ਤੋਂ ਉੱਪਰ) ਸਰਕਾਰੀ ਫੰਡਾਂ ਰਾਹੀਂ ਉਹ ਲੋਕ ਵੱਲੋਂ ਦਿੱਤਾ ਜਾਵੇਗਾ ਜੋ ਟੋਲਵੇਅ ਦੀ ਵਰਤੋਂ ਨਹੀਂ ਕਰਦੇ ਹਨ। ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਇਹ 'ਸਰਬੱਤ ਦੇ ਭਲੇ' ਦਾ ਹਿੱਸਾ ਹੈ ਪਰ ਇਹ ਖ਼ਾਸ ਤੌਰ 'ਤੇ ਉਹਨਾਂ ਲੋਕਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜੋ ਖੇਤਰੀ ਅਤੇ ਦੂਰ-ਦੁਰਾਡੇ ਇਲਾਕਿਆਂ ਦੇ ਲੋਕ ਹਨ ਜੋ ਕਦੇ-ਕਦਾਈਂ ਜਾਂ ਕਦੇ ਵੀ ਟੋਲ ਸੜਕਾਂ ਦੀ ਵਰਤੋਂ ਨਹੀਂ ਕਰਦੇ ਹਨ।”

### 6. ਭੀੜ-ਭੜੱਕੇ ਵਿੱਚ ਖੜ੍ਹੇ ਰਹਿਣ ਜਾਂ ਹੋਰ ਦੇਰੀ ਲਈ ਟੋਲ ਮੁਆਫ਼ੀ ਅਤੇ ਕਟੌਤੀ

ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਛੋਟ/ਰਿਫੰਡ ਜਾਂ ਟੋਲ ਫ਼ੀਸਾਂ ਵਿੱਚ ਕਟੌਤੀ ਦੀ ਮੰਗ ਕੀਤੀ ਗਈ ਹੈ ਜਿੱਥੇ ਵਾਹਨ ਚਾਲਕ ਟੋਲ ਰੋਡ ਦੀ ਨਿਰਧਾਰਤ ਗਤੀ ਸੀਮਾ 'ਤੇ ਗੱਡੀ ਚਲਾਉਣ ਵਿੱਚ ਅਸਮਰੱਥ ਸਨ - ਭਾਵੇਂ ਭੀੜ, ਮੁਰੰਮਤ, ਦੁਰਘਟਨਾਵਾਂ ਜਾਂ ਵਾਹਨ ਚਾਲਕਾਂ ਦੇ ਨਿਯੰਤਰਣ ਤੋਂ ਬਾਹਰ ਹੋਰ ਮੁੱਦਿਆਂ ਕਾਰਨ।

#### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- “...ਟੋਲ ਲੱਗੀ ਸੜਕ ਦੇ ਉਪਭੋਗਤਾ ਵਜੋਂ, ਮੈਂ ਕਿਤੇ ਵਧੇਰੇ ਤੇਜ਼ੀ ਨਾਲ ਪਹੁੰਚਣ ਲਈ ਭੁਗਤਾਨ ਕਰ ਰਿਹਾ/ਰਹੀ ਹਾਂ। ਇਸ ਤਰ੍ਹਾਂ, ਮੇਰਾ ਮੰਨਣਾ ਹੈ ਕਿ ਟੋਲ ਰੋਡ ਓਪਰੇਟਰਾਂ ਨੂੰ ਟੋਲ ਵਸੂਲਣ 'ਤੇ ਛੋਟ ਦੇਣ ਦੀ ਜ਼ਰੂਰਤ ਹੈ ਜਦੋਂ ਅਸੀਂ ਆਮ ਗਤੀ 'ਤੇ ਯਾਤਰਾ ਕਰਨ ਦੇ ਯੋਗ ਨਹੀਂ ਹੁੰਦੇ ਹਾਂ।”
- “...ਟੋਲ ਸੜਕਾਂ ਦੇ ਮਾੜੇ ਪ੍ਰਬੰਧਾਂ ਕਾਰਨ ਟ੍ਰੈਫਿਕ ਵਿੱਚ ਬੈਠ ਕੇ ਹਾਦਸਿਆਂ ਅਤੇ ਸਮੇਂ ਦੀ ਬਰਬਾਦੀ ਦਾ ਟੋਲ ਸੰਚਾਲਕਾਂ ਦੁਆਰਾ ਮੁਆਵਜ਼ਾ ਦਿੱਤਾ ਜਾਣਾ ਚਾਹੀਦਾ ਹੈ, ਟੋਲ ਉਪਭੋਗਤਾਵਾਂ ਅਤੇ ਇਸਤੋਂ ਪ੍ਰਭਾਵਿਤ ਹੋਏ ਲੋਕਾਂ ਨੂੰ ਰਿਫ਼ੰਡ ਦੇਣਾ ਚਾਹੀਦਾ ਹੈ ਜੋ ਭੀੜ-ਭੜੱਕੇ ਅਤੇ ਆਵਾਜਾਈ ਨੂੰ ਘਟਾਉਣ ਲਈ ਬਣਾਈ ਗਈ ਸੜਕ ਦੀ ਬੁਨਿਆਦੀ ਸੇਵਾ ਪ੍ਰਦਾਨ ਕਰਨ ਵਿੱਚ ਟੋਲ ਸੰਚਾਲਕਾਂ ਦੀ ਅਸਮਰੱਥਾ ਕਾਰਨ ਹੋਏ ਹਨ।"

### 7. ਮੋਟਰਹੋਮਸ, ਮਨੋਰੰਜਨ ਵਾਹਨਾਂ, ਕੈਂਪਰਵੈਨਾਂ ਲਈ ਟੋਲ ਵਿੱਚ ਛੋਟ ਜਾਂ ਕਟੌਤੀ

ਮੌਜੂਦਾ ਟੋਲਿੰਗ ਪ੍ਰਣਾਲੀ ਦੇ ਤਹਿਤ, 2.8 ਮੀਟਰ ਤੋਂ ਵੱਧ ਦੀ ਉਚਾਈ ਵਾਲੇ ਮੋਟਰਹੋਮਸ ਤੋਂ 'ਕਲਾਸ ਬੀ ਵਾਹਨਾਂ' ਦੇ ਤੌਰ 'ਤੇ ਕੀਮਤ ਵਸੂਲੀ ਜਾਂਦੀ ਹੈ - ਬਿਕੁੱਲ ਉਸੇ ਤਰ੍ਹਾਂ ਜਿਸ ਤਰ੍ਹਾਂ ਭਾਰੀ ਵਪਾਰਕ ਵਾਹਨਾਂ ਤੋਂ ਕੀਮਤ ਵਸੂਲੀ ਜਾਂਦੀ ਹੈ। ਇਸ ਮੁੱਦੇ ਨਾਲ ਸੰਬੰਧਿਤ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਮੋਟਰਹੋਮਸ ਤੋਂ ਕਿਸੇ ਹੋਰ ਤਰੀਕੇ ਨਾਲ ਕੀਮਤ ਵਸੂਲੀ ਜਾਣੀ ਚਾਹੀਦੀ ਹੈ - ਜਾਂ ਤਾਂ ਕਲਾਸ ਏ ਦੇ ਵਾਹਨਾਂ ਵਾਂਗ, ਜਾਂ ਉਹ ਹੋਰ ਛੋਟਾਂ/ਕਟੌਤੀਆਂ ਲਈ ਯੋਗ ਹੋਣੇ ਚਾਹੀਦੇ ਹਨ, ਕਿਉਂਕਿ ਇਹ ਵਾਹਨ ਆਮ ਤੌਰ 'ਤੇ ਵਪਾਰਕ ਉਦੇਸ਼ਾਂ ਲਈ ਨਹੀਂ ਵਰਤੇ ਜਾਂਦੇ ਹਨ (ਅਕਸਰ ਪੈਨਸ਼ਨਰ ਲੋਕਾਂ ਦੀ ਮਲਕੀਅਤ ਹੁੰਦੇ ਹਨ। ) ਇਹ ਵਪਾਰਕ ਟਰੱਕਾਂ ਜਿੰਨਾ ਵਜ਼ਨ ਵੀ ਨਹੀਂ ਹੁੰਦੇ, ਜਿਸ ਨਾਲ ਸੜਕਾਂ 'ਤੇ ਘੱਟ ਖ਼ਰਾਬੀ ਅਤੇ ਘਿਸਾਈ ਹੁੰਦੀ ਹੈ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- “ਮੇਰਾ ਮੋਟਰਹੋਮ ਮਨੋਰੰਜਨ ਲਈ ਹੈ ਨਾ ਕਿ ਕਾਰੋਬਾਰ ਕਰਨ ਲਈ। ਟਰੱਕ ਡਰਾਈਵਰ ਨੂੰ ਉਸਨੂੰ ਲੱਗੇ ਟੋਲ ਦਾ ਦਾਅਵਾ ਮਿਲ ਜਾਂਦਾ ਹੈ ਕਿਉਂਕਿ ਇਹ ਉਸ ਚੀਜ਼ ਦਾ ਹਿੱਸਾ ਹੈ ਜੋ ਉਹਨਾਂ ਨੂੰ ਆਪਣਾ ਕਾਰੋਬਾਰ ਚਲਾਉਣ ਲਈ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ।"
- “RVs ਦਾ ਦਾ ਵੱਡਾ ਹਿੱਸਾ ਸੇਵਾਮੁਕਤ ਲੋਕਾਂ ਦੀ ਮਲਕੀਅਤ ਹੈ...ਉਹ ਲੋਕ ਜਿਨ੍ਹਾਂ ਨੇ ਸਾਰੀ ਉਮਰ ਟੈਕਸ ਅਦਾ ਕੀਤਾ ਹੈ ਅਤੇ ਹੁਣ ਸੀਮਤ ਵਿੱਤੀ ਸਾਧਨਾਂ 'ਤੇ ਰਹਿ ਰਹੇ ਹਨ। ਮਨੋਰੰਜਨ ਵਾਹਨਾਂ ਤੋਂ ਯਾਤਰੀ ਵਾਹਨਾਂ ਵਾਂਗ ਹੀ ਕੀਮਤ ਵਸੂਲੀ ਜਾਣੀ ਚਾਹੀਦੀ ਹੈ।"
- “ਮੇਰਾ ਮੰਨਣਾ ਹੈ ਕਿ ਕਲਾਸ ਦੁਆਰਾ ਕੀਮਤ ਵਸੂਲਣਾ ਸਭ ਤੋਂ ਵਧੀਆ ਤਰੀਕਾ ਹੈ। ਮੈਂ ਵਰਤਮਾਨ ਵਿੱਚ ਕਲਾਸ 1 ਦੇ ਲਾਇਸੈਂਸ 'ਤੇ ਇੱਕ ਮੋਟਰਹੋਮ ਚਲਾ ਰਿਹਾ ਹਾਂ। ਮੇਰੇ ਤੋਂ 80 ਟਨ ਤੱਕ ਦੇ ਭਾਰ ਵਾਲੇ ਬੀ ਡਬਲ ਟਰੱਕ ਦੇ ਬਰਾਬਰ ਕੀਮਤ ਵਸੂਲੀ ਜਾਂਦੀ ਹੈ। ਇਹ ਟਰੱਕ ਚਾਲਕ ਟੈਕਸ ਪ੍ਰਣਾਲੀ ਰਾਹੀਂ ਖ਼ਰਚੇ ਵਜੋਂ ਇਸਦਾ ਦਾਅਵਾ ਕਰ ਸਕਦਾ ਹੈ, ਅਤੇ ਉਹ ਗਾਹਕ ਤੋਂ ਵੀ ਇਸਦੀ ਕੀਮਤ ਵਸੂਲ ਸਕਦਾ ਹੈ।

## 8. ਦੂਰੀ-ਅਧਾਰਿਤ ਕੀਮਤ

ਟੋਲ ਦੀ ਕੀਮਤ ਨਿਰਧਾਰਤ ਕਰਨ ਵਿੱਚ ਦੂਰੀ-ਅਧਾਰਿਤ ਗਣਨਾਵਾਂ ਦੀ ਵਧੇਰੇ ਵਰਤੋਂ ਕਰਨਾ ਇੱਕ ਮੁੱਖ ਵਿਸ਼ਾ ਸੀ, ਖ਼ਾਸ ਤੌਰ 'ਤੇ M2 ਦਾ ਕਾਫ਼ੀ ਨਿਯਮਿਤ ਤੌਰ 'ਤੇ ਜ਼ਿਕਰ ਕੀਤਾ ਗਿਆ ਸੀ। ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਨੋਟ ਕੀਤਾ ਹੈ ਕਿ ਮੋਟਰ ਰਸਤਿਆਂ ਦੇ ਸਿਰਫ਼ ਇੱਕ ਛੋਟੇ ਹਿੱਸੇ ਦੀ ਵਰਤੋਂ ਕਰਨ ਵਾਲੇ ਵਾਹਨ ਚਾਲਕਾਂ ਲਈ ਇਹ ਨਾਵਾਜਿਬ ਹੈ ਕਿ ਜ਼ਿਆਦਾ ਦੂਰੀ 'ਤੇ ਜਾਣ ਵਾਲੇ ਵਾਹਨ ਚਾਲਕਾਂ ਵਾਂਗ ਹੀ ਕੀਮਤ ਵਸੂਲੀ ਜਾਵੇ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- “M2 'ਤੇ ਟੋਲ ਪ੍ਰਤੀ ਦੂਰੀ ਤੈਅ ਕਰਨ ਦੇ ਹਿਸਾਬ ਨਾਲ ਲੱਗਣੇ ਚਾਹੀਦੇ ਹਨ। Pennant Hills Rd ਜਾਂ Beecroft Rd 'ਤੇ ਆਉਣ ਵਾਲੇ ਲੋਕ ਪੂਰੇ M2 ਲਈ ਟੋਲ ਅਦਾ ਕਰਦੇ ਹਨ ਭਾਵੇਂ ਕਿ ਉਹ ਸੜਕ ਦੀ ਅੱਧੀ ਦੂਰੀ ਵੀ ਨਹੀਂ ਵਰਤਦੇ ਹਨ। ਇਸ ਕਾਰਨ ਕਰਕੇ ਮੈਂ M2 ਤੋਂ ਪੂਰੀ ਤਰ੍ਹਾਂ ਬਚਦਾ ਹਾਂ।
- “ਘੱਟੋ-ਘੱਟ ਦੂਰੀਆਂ ਲਈ ਟੋਲ ਦੀ ਲਈ ਜਾਂਦੀ ਕੀਮਤ ਵਾਜਬ ਨਹੀਂ ਹੈ, ਉਦਾਹਰਨ ਵਜੋਂ King Georges Rd ਤੋਂ Bexley Rd ਤੱਕ...ਇਹ ਛੋਟਾ 2-3 ਕਿਲੋਮੀਟਰ ਰਸਤਾ ਪਹਿਲਾਂ ਟੋਲ ਮੁਕਤ ਸੀ ਪਰ ਹੁਣ M8 ਨਾਲ ਜੋੜਨ ਨਾਲ M5 ਲਈ ਟੋਲ ਲੱਗਣ ਤੋਂ ਇਲਾਵਾ ਇਸ ਲਈ ਹੋਰ $3.30 ਦਾ ਟੋਲ ਲੱਗਦਾ ਹੈ ਜੋ ਸਿਡਨੀ ਦੇ ਅੰਦਰ ਆਉਣ-ਜਾਣ ਨੂੰ ਹੋਰ ਮਹਿੰਗਾ ਕਰਦਾ ਹੈ।"

## 9. ਮੋਟਰਸਾਈਕਲਾਂ ਲਈ ਟੋਲ ਵਿੱਚ ਛੋਟ ਜਾਂ ਕਟੌਤੀ

ਮੌਜੂਦਾ ਟੋਲਿੰਗ ਪ੍ਰਣਾਲੀ ਦੇ ਤਹਿਤ, ਮੋਟਰਸਾਈਕਲਾਂ ਤੋਂ 'ਕਲਾਸ ਏ ਵਾਹਨਾਂ' ਵਜੋਂ ਕੀਮਤ ਵਸੂਲੀ ਜਾਂਦੀ ਹੈ - ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਆਮ ਕਾਰਾਂ ਤੋਂ ਕੀਮਤ ਵਸੂਲੀ ਜਾਂਦੀ ਹੈ। ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਨੋਟ ਕੀਤਾ ਗਈ ਹੈ ਕਿ ਮੋਟਰਸਾਈਕਲਾਂ ਨੂੰ ਕਟੌਤੀਆਂ ਜਾਂ ਛੋਟਾਂ ਲਈ ਯੋਗ ਹੋਣਾ ਚਾਹੀਦਾ ਹੈ, ਕਿਉਂਕਿ ਉਹ ਛੋਟੇ ਹਨ, ਘੱਟ ਭੀੜ-ਭੜੱਕੇ ਦਾ ਕਾਰਨ ਬਣਦੇ ਹਨ, ਸੜਕਾਂ ਨੂੰ ਘੱਟ ਨੁਕਸਾਨ ਪਹੁੰਚਾਉਂਦੇ ਹਨ, ਵਧੇਰੇ ਈਂਧਣ ਕੁਸ਼ਲ ਹਨ ਅਤੇ ਘੱਟ ਗੈਸ ਨਿਕਾਸ ਕਰਦੇ ਹਨ। ਇਸ ਸਮੂਹ ਵਿੱਚੋਂ, ਕੁੱਝ ਨੇ ਧਿਆਨ ਵਿੱਚ

ਲਿਆਂਦਾ ਕਿ NSW ਨੂੰ ਮੋਟਰਸਾਈਕਲਾਂ ਨਾਲ ਵਿਕਟੋਰੀਆ ਵਾਂਗ ਹੀ ਪੇਸ਼ ਆਉਣਾ ਚਾਹੀਦਾ ਹੈ, ਜਿੱਥੇ ਮੋਟਰਸਾਈਕਲਾਂ ਨੂੰ ਟੋਲ ਤੋਂ ਛੋਟ ਹੈ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- "ਮੋਟਰਸਾਈਕਲ ਸਵਾਰਾਂ ਨੂੰ ਸੀਡਾਨ ਜਾਂ ਵੱਡੇ SUV ਵਾਹਨਾਂ ਦੇ ਬਰਾਬਰ ਟੋਲ ਦੇਣ ਦੀ ਬਿਲਕੁਲ ਲੋੜ ਨਹੀਂ ਹੈ। ਮੋਟਰਸਾਈਕਲਾਂ ਦੀ ਛਾਪ ਘੱਟ ਹੈ, ਵਾਹਨਾਂ ਵਾਂਗ ਸੜਕ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ ਅਤੇ ਘੱਟ ਪ੍ਰਦੂਸ਼ਣ ਪੈਦਾ ਕਰਦੇ ਹਨ।"
- "ਜੇਕਰ [ਮੋਟਰਸਾਈਕਲਾਂ ਲਈ] ਟੋਲ ਘਟਾਏ ਜਾਣ, ਤਾਂ ਇਹ ਵਧੇਰੇ ਵਾਹਨ ਚਾਲਕਾਂ ਨੂੰ ਰੋਜ਼ਾਨਾ ਆਉਣ-ਜਾਣ ਲਈ ਮੋਟਰਸਾਈਕਲਾਂ 'ਤੇ ਜਾਣ ਲਈ ਉਤਸ਼ਾਹਿਤ ਕਰੇਗਾ, ਇਸ ਲਈ ਭੀੜ-ਭੜੱਕੇ ਨੂੰ ਘੱਟ ਕੀਤਾ ਜਾਵੇਗਾ। ਪੀਕ-ਆਵਰ (ਵੱਧ ਆਵਾਜਾਈ ਵਾਲੇ ਸਮੇਂ) ਵਿੱਚ ਸਿਡਨੀ ਦੀਆਂ ਸੜਕਾਂ 'ਤੇ ਜ਼ਿਆਦਾਤਰ ਕਾਰਾਂ ਵਿੱਚ ਸਿਰਫ਼ ਇੱਕ ਵਿਅਕਤੀ ਹੁੰਦਾ ਹੈ, ਜੋ ਕਿ ਬਾਲਣ ਅਤੇ ਸੜਕ ਦੀ ਜਗ੍ਹਾ ਦੀ ਬਹੁਤ ਹੀ ਅਯੋਗ ਵਰਤੋਂ ਹੈ।

## 10. ਪੀਕ ਅਤੇ ਆਫ਼-ਪੀਕ (ਵੱਧ ਅਤੇ ਘੱਟ ਆਵਾਜਾਈ) ਕੀਮਤ

NSW ਟੋਲ ਸੜਕਾਂ 'ਤੇ ਪੀਕ ਅਤੇ ਆਫ਼-ਪੀਕ ਸਮੇਂ ਅਨੁਸਾਰ ਕੀਮਤ ਦਾ ਪ੍ਰਬੰਧ ਸ਼ੁਰੂ ਕੀਤੀ ਜਾਣਾ ਚਾਹੀਦਾ ਹੈ। ਪੀਕ ਘੰਟਿਆਂ ਦੌਰਾਨ ਟੋਲ ਦੀਆਂ ਕੀਮਤਾਂ ਵੱਧ ਹੋਣ, ਅਤੇ ਆਫ਼-ਪੀਕ ਘੰਟਿਆਂ ਦੌਰਾਨ ਟੋਲ ਕੀਮਤਾਂ ਘੱਟ ਹੋਣ। ਇਹ ਵਾਹਨ ਚਾਲਕਾਂ ਨੂੰ ਪੀਕ-ਆਵਰ ਵਿੱਚ ਟੋਲ ਸੜਕਾਂ ਦੀ ਵਰਤੋਂ ਕਰਨ ਤੋਂ ਬਚਣ ਲਈ ਉਤਸ਼ਾਹਿਤ ਕਰਨ ਵਿੱਚ ਮੱਦਦ ਕਰੇਗਾ, ਜਿੱਥੇ ਸੰਭਵ ਹੋਵੇ (ਜਾਂ ਤਾਂ ਉਹ ਵੱਖਰੇ ਸਮੇਂ 'ਤੇ, ਜਾਂ ਜਨਤਕ ਆਵਾਜਾਈ ਵਰਗੇ ਹੋਰ ਸਾਧਨਾਂ ਰਾਹੀਂ ਯਾਤਰਾ ਕਰਨਗੇ)। ਇਸ ਨਾਲ ਟ੍ਰੈਫਿਕ ਜਾਮ ਅਤੇ ਹਾਦਸਿਆਂ ਨੂੰ ਘੱਟ ਕਰਨ ਵਿੱਚ ਮੱਦਦ ਮਿਲੇਗੀ। ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਕਿਹਾ ਗਿਆ ਹੈ ਕਿ ਆਫ਼-ਪੀਕ ਘੰਟਿਆਂ ਦੌਰਾਨ ਟੋਲ ਪੂਰੀ ਤਰ੍ਹਾਂ ਮੁਫ਼ਤ ਹੋਣੇ ਚਾਹੀਦੇ ਹਨ। ਦੂਜਿਆਂ ਨੇ ਸੁਝਾਅ ਦਿੱਤਾ ਕਿ 'ਨਾਲ ਲੱਗਦੇ' ਸਮਿਆਂ ਲਈ ਕੀਮਤ ਦੀ ਤੀਜੀ ਸ਼੍ਰੇਣੀ ਹੋਣੀ ਚਾਹੀਦੀ ਹੈ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

- "ਵਾਹਨ ਚਾਲਕਾਂ ਨੂੰ ਪੀਕ ਘੰਟਿਆਂ ਦੌਰਾਨ ਆਪਣੇ ਵਾਹਨਾਂ ਦੀ ਵਰਤੋਂ ਕਰਨ ਤੋਂ ਨਿਰਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਪ੍ਰੀਮੀਅਮ ਟੋਲ ਲਿਆ ਜਾਣਾ ਚਾਹੀਦਾ ਹੈ। ਇਹ ਪੀਕ ਘੰਟਿਆਂ ਦੌਰਾਨ ਟ੍ਰੈਫਿਕ ਨੂੰ ਘਟਾਉਣ ਅਤੇ ਜਨਤਕ ਆਵਾਜਾਈ ਦੀ ਵਰਤੋਂ ਅਤੇ ਰਾਈਡ ਸ਼ੇਅਰਿੰਗ ਨੂੰ ਉਤਸ਼ਾਹਿਤ ਕਰਨ ਵਿੱਚ ਵੀ ਮੱਦਦ ਕਰੇਗਾ।"
- "ਟੋਲ ਸੜਕਾਂ ਨੂੰ ਆਫ਼-ਪੀਕ ਘੰਟਿਆਂ, ਸ਼ਨੀਵਾਰ ਅਤੇ ਜਨਤਕ ਛੁੱਟੀਆਂ ਦੌਰਾਨ ਘੱਟ ਕੀਮਤ ਲੈਣੀ ਚਾਹੀਦੀ ਹੈ।"

## ਹੋਰ ਵਿਸ਼ਿਆਂ ਦਾ ਸੰਖੇਪ

ਹੇਠਾਂ ਦਿੱਤੀ ਸਾਰਣੀ ਆਮ ਲੋਕਾਂ ਦੀਆਂ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਦੱਸੇ ਗਏ ਹੋਰ ਵਿਸ਼ਿਆਂ ਅਤੇ ਵਿਚਾਰਾਂ ਦਾ ਸਾਰ ਹੈ।

| ਵਿਸ਼ੇ | ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਜ਼ਿਕਰ ਕੀਤੇ ਵਿਚਾਰ |
|---|---|
| 1. ਕੈਸ਼ਬੈਕ (ਪੈਸੇ ਵਾਪਸ ਮੋੜਨਾ), ਛੋਟਾਂ ਅਤੇ ਟੋਲ ਰਾਹਤ ਸਕੀਮਾਂ | • M5 ਲਈ ਕੈਸ਼ਬੈਕ ਸਕੀਮ ਨੂੰ ਰੱਖਣ ਲਈ ਕਿਹਾ ਗਿਆ<br>• ਹੋਰ ਟੋਲ ਸੜਕਾਂ, ਜਿਵੇਂ ਕਿ M7 ਲਈ ਵੀ ਵਧੇਰੇ ਕੈਸ਼ਬੈਕ ਸਕੀਮਾਂ ਹੋਣ ਦੀ ਇੱਛਾ ਜਤਾਈ ਗਈ<br>• ਕੈਸ਼ਬੈਕ ਸਕੀਮਾਂ ਸਵੈਚਲਿਤ ਹੋਣੀਆਂ ਚਾਹੀਦੀਆਂ ਹਨ |

| | |
|---|---|
| | • ਵਾਹਨ ਚਾਲਕਾਂ ਕੋਲ ਆਪਣੇ ਅਗਲੇ ਵਾਹਨ ਰਜਿਸਟ੍ਰੇਸ਼ਨ ਨਵਿਆਉਣ ਲਈ ਆਪਣਾ ਕੈਸ਼ਬੈਕ ਕ੍ਰੈਡਿਟ ਵਰਤੋਂ ਕਰਨ ਦਾ ਵਿਕਲਪ ਹੋਣਾ ਚਾਹੀਦਾ ਹੈ<br>• ਰਾਹਤ ਸਕੀਮ ਤਰਫ਼ਦਾਰੀ ਵਾਲੀ ਅਤੇ ਪੱਖਪਾਤੀ ਹੈ ਕਿਉਂਕਿ ਸਿਰਫ਼ ਔਨਲਾਈਨ Service NSW ਖਾਤੇ ਵਾਲੇ ਹੀ ਇਸ ਸਕੀਮ ਤੱਕ ਪਹੁੰਚ ਕਰ ਸਕਦੇ ਹਨ। |
| 2. ਜ਼ੋਨ ਮੁਤਾਬਕ ਕੀਮਤ ਰੱਖਣਾ, ਸੀਬੀਡੀ ਜ਼ੋਨ ਜਾਂ ਹੋਰ ਕੋਰਡਨ ਜ਼ੋਨਾਂ ਸਮੇਤ | • ਮੋਟਰ ਰਸਤਿਆਂ ਦੇ ਨੈੱਟਵਰਕ ਦੇ ਵੱਖ-ਵੱਖ ਖੇਤਰਾਂ (ਜ਼ੋਨਾਂ) ਲਈ ਵੱਖ-ਵੱਖ ਕੀਮਤਾਂ ਦੇ ਨਾਲ ਜ਼ੋਨ ਮੁਤਾਬਕ ਕੀਮਤ ਵਸੂਲਣ ਲਈ ਕੁੱਝ ਸਮਰਥਨ ਦਿਖਾਇਆ ਗਿਆ<br>• ਜਦੋਂ ਤੱਕ ਜ਼ਰੂਰੀ ਨਾ ਹੋਵੇ ਉੱਚ ਟੋਲ/ਲੇਵੀ ਲਗਾਉਣ ਦੇ ਨਾਲ CBD ਵਿੱਚ ਦਾਖਲ ਹੋਣ ਨੂੰ ਨਿਰਾਸ਼ ਕਰਨ ਲਈ CBD ਵਿੱਚ ਕੀਮਤ ਜ਼ੋਨ ਲਈ ਕੁੱਝ ਸਮਰਥਨ ਦਿਖਾਇਆ ਗਿਆ, ਜਿਸ ਨਾਲ ਆਵਾਜਾਈ ਦੀ ਭੀੜ ਘਟੇਗੀ।<br>• CBD ਜ਼ੋਨ CBD ਵਿੱਚ ਵੱਧ ਪੈਦਲ ਚੱਲਣ ਵਾਲਿਆਂ ਅਤੇ ਜਨਤਕ ਆਵਾਜਾਈ ਵਿੱਚ ਵਾਧਾ ਹੋਵੇਗਾ<br>• ਜੇਕਰ CBD ਵਿੱਚ ਭੀੜ-ਭੜੱਕੇ ਵਾਲੇ ਜ਼ੋਨ/ਲੇਵੀ ਨੂੰ ਸ਼ੁਰੂ ਕੀਤਾ ਜਾਂਦਾ ਹੈ, ਤਾਂ ਕਰਾਸ ਸਿਟੀ ਟਨਲ ਨੂੰ ਮੁਫ਼ਤ ਕੀਤਾ ਜਾਣਾ ਚਾਹੀਦਾ ਹੈ |
| 3. ਭਾਰੀ ਵਾਹਨਾਂ ਲਈ ਟੋਲ ਲਗਾਉਣ ਅਤੇ ਟੋਲ ਸੜਕਾਂ ਵਿੱਚ ਬਦਲਾਅ | • ਕੁੱਝ ਟੋਲ ਸੜਕਾਂ 'ਤੇ ਭਾਰੀ ਵਾਹਨਾਂ ਦੇ ਗੁਣਕ ਭਾਰੀ ਵਾਹਨਾਂ ਲਈ ਬਹੁਤ ਜ਼ਿਆਦਾ ਨਿਰਾਸ਼ਾ ਪੈਦਾ ਕਰਦੇ ਹਨ, ਜੋ ਉਹਨਾਂ ਨੂੰ ਬਗ਼ੈਰ ਟੋਲ ਸੜਕਾਂ (ਆਮ ਬੋਲੀ ਵਿੱਚ 'ਰੈਟ ਰਨਿੰਗ' ਵਜੋਂ ਜਾਣਿਆ ਜਾਂਦਾ ਹੈ) 'ਤੇ ਧੱਕਦਾ ਹੈ ਅਤੇ ਨਿਯਮਤ ਕਾਰਾਂ ਲਈ ਸੜਕਾਂ ਵਿੱਚ ਵਿਘਨ ਪਾਉਂਦਾ ਹੈ। ਸ਼ੋਰ, ਪ੍ਰਦੂਸ਼ਣ, ਸੜਕਾਂ ਨੂੰ ਖ਼ਰਾਬ ਅਤੇ ਘਿਸਾਉਂਦਾ ਹੈ, ਰਿਹਾਇਸ਼ੀ ਖੇਤਰਾਂ ਵਿੱਚ ਵਿਘਨ, ਡਰਾਈਵਿੰਗ ਖ਼ਤਰੇ/ਪੈਦਲ ਚੱਲਣ ਵਾਲੇ ਖ਼ਤਰੇ ਪੈਦਾ ਕਰਦਾ ਹੈ<br>• ਭਾਰੀ ਵਾਹਨਾਂ ਨੂੰ ਟੋਲ ਸੜਕਾਂ ਦੀ ਵਰਤੋਂ ਕਰਨ ਲਈ ਵਧੇਰੇ ਪ੍ਰੋਤਸਾਹਨ ਦੀ ਲੋੜ ਹੈ। ਖ਼ਾਸ ਕਰਕੇ ਛੋਟੇ ਕਾਰੋਬਾਰਾਂ ਲਈ<br>• ਭਾਰੀ ਵਾਹਨਾਂ ਕਾਰਨ ਟੋਲ ਸੜਕਾਂ 'ਤੇ ਜ਼ਿਆਦਾ ਖ਼ਰਾਬੀ ਅਤੇ ਘਿਸਾਈ ਹੁੰਦੀ ਹੈ, ਇਸ ਲਈ ਹੋਰ ਵਾਹਨ ਚਾਲਕਾਂ ਨਾਲੋਂ ਜ਼ਿਆਦਾ ਭੁਗਤਾਨ ਕਰਨਾ ਚਾਹੀਦਾ ਹੈ \|<br>• ਜ਼ੀਰੋ-ਇਮੀਸ਼ਨ (ਜ਼ੀਰੋ ਗੈਸ ਨਿਕਾਸੀ) ਵਾਲੇ ਭਾਰੀ ਵਾਹਨਾਂ ਲਈ ਟੋਲ ਰਾਹਤ ਦੀ ਮੰਗ<br>• ਭਾਰੀ ਵਾਹਨਾਂ ਲਈ ਟੋਲ ਕੈਪ ਲਗਾਉਣਾ ਉਹਨਾਂ ਨੂੰ ਟੋਲ ਸੜਕਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨ ਵਿੱਚ ਮੱਦਦ ਕਰ ਸਕਦਾ ਹੈ<br>• ਇਨ੍ਹਾਂ ਘੰਟਿਆਂ ਦੌਰਾਨ ਭਾਰੀ ਵਾਹਨਾਂ ਲਈ ਰਾਤ ਦੇ ਸਮੇਂ ਟੋਲ ਵਾਲੀਆਂ ਸੜਕਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰਨ ਲਈ ਟੋਲ ਸੜਕਾਂ ਵਾਲੀਆਂ (ਜਿਵੇਂ ਕਿ ਰਾਤ 10 ਵਜੇ ਤੋਂ ਲੈ ਕੇ- ਸਵੇਰੇ 5 ਵਜੇ ਤੱਕ) ਛੋਟਾਂ ਲਈ ਆਵਾਜ਼ ਉਠਾਈ ਗਈ, ਜੋ ਦਿਨ ਦੇ ਦੌਰਾਨ ਹੋਰ ਵਾਹਨ ਚਾਲਕਾਂ ਲਈ ਟੋਲ ਸੜਕਾਂ ਨੂੰ ਖ਼ਾਲੀ ਰੱਖਣਗੇ।<br>• ਸਾਰੇ ਭਾਰੀ ਵਾਹਨਾਂ ਲਈ ਟੋਲ ਛੋਟ ਲਈ ਕੁੱਝ ਸੁਝਾਅ ਆਏ<br>• ਖ਼ਤਰਨਾਕ ਟੇਲਗੇਟਿੰਗ ਵਰਗੇ ਸੜਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਭਾਰੀ ਵਾਹਨ ਉਪਭੋਗਤਾਵਾਂ ਨੂੰ ਕੁੱਝ ਸਮੇਂ ਲਈ ਟੋਲ ਦੀ ਵਰਤੋਂ ਕਰਨ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ<br>• ਟੋਲਵੇਅ ਸੜਕਾਂ 'ਤੇ ਭੀੜ-ਭੜੱਕੇ ਨੂੰ ਘੱਟ ਕਰਨ ਲਈ ਭਾਰੀ ਵਾਹਨਾਂ ਨੂੰ ਸਿਰਫ਼ ਖੱਬੀ ਲੇਨ ਵਿੱਚ ਸਫ਼ਰ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ |
| 4. ਪੈਨਸ਼ਨਰਾਂ ਅਤੇ ਘੱਟ ਆਮਦਨ ਵਾਲੇ ਲੋਕਾਂ ਲਈ ਵਿਸ਼ੇਸ਼ ਰਾਹਤ | • ਬਜ਼ੁਰਗ ਪੈਨਸ਼ਨਰਾਂ ਲਈ ਜਨਤਕ ਆਵਾਜਾਈ ਵਾਂਗ ਹੀ ਟੋਲ ਰਾਹਤ ਜਾਂ ਟੋਲ ਛੋਟ ਲਈ ਸਮਰਥਨ ਕੀਤਾ ਗਿਆ |

| | |
|---|---|
| | • ਟੋਲ ਸੜਕਾਂ ਆਮ ਤੌਰ 'ਤੇ ਬਗ਼ੈਰ ਟੋਲ ਸੜਕਾਂ ਨਾਲੋਂ ਬਿਹਤਰ ਸਥਿਤੀ ਵਿੱਚ ਹੁੰਦੀਆਂ ਹਨ - ਬਜ਼ੁਰਗ ਪੈਨਸ਼ਨਰਾਂ ਨੂੰ ਇਹਨਾਂ ਵਧੇਰੇ ਸੁਰੱਖਿਅਤ ਸੜਕਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ<br>• ਹੈਲਥ ਕੇਅਰ ਕਾਰਡ ਵਾਲੇ ਹਰੇਕ ਵਿਅਕਤੀ ਨੂੰ ਟੋਲ ਰਾਹਤ ਦੇਣ ਲਈ ਕਿਹਾ ਗਿਆ ਹੈ<br>• ਆਮ ਤੌਰ 'ਤੇ ਆਮਦਨ-ਜਾਂਚ ਕੀਤੇ ਟੋਲ ਰਾਹਤ ਲਈ ਸਹਾਇਤਾ। ਘੱਟ ਆਮਦਨੀ ਵਾਲੇ ਲੋਕ, ਅਪ੍ਰੈਂਟਿਸ, ਵਿਦਿਆਰਥੀ ਮੌਜੂਦਾ ਟੋਲ ਕੀਮਤਾਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਹਨ |
| 5. ਟੋਲ ਕੀਮਤਾਂ ਦੀ ਇਕਸਾਰਤਾ ਅਤੇ ਸਰਲੀਕਰਨ, ਟੋਲ ਕੀਮਤਾਂ ਬਾਰੇ ਬਿਹਤਰ ਜਾਣਕਾਰੀ ਸੰਚਾਰ ਕਰਨਾ | • ਟੋਲ ਰੋਡ ਦੀਆਂ ਕੀਮਤਾਂ ਬਰਾਬਰ ਨਹੀਂ ਹਨ। ਵੱਖ-ਵੱਖ ਸੜਕਾਂ ਲਈ ਵੱਖ-ਵੱਖ ਕੀਮਤਾਂ ਹਨ। ਜੋ ਬਜਟ ਬਣਾਉਣ ਅਤੇ ਯਾਤਰਾ ਦੇ ਖ਼ਰਚਿਆਂ ਦਾ ਅੰਦਾਜ਼ਾ ਲਗਾਉਣਾ ਹੋਰ ਮੁਸ਼ਕਲ ਬਣਾਉਂਦਾ ਹੈ<br>• ਟੋਲ ਰੋਡ ਨੈੱਟਵਰਕ ਵਿੱਚ ਵਧੇਰੇ ਇਕਸਾਰ ਕੀਮਤਾਂ ਕਰਨ ਲਈ ਕਿਹਾ ਗਿਆ ਹੈ<br>• ਟੋਲ ਸੜਕਾਂ ਲਈ ਫਲੈਟ ਫ਼ੀਸਾਂ ਰੱਖਣ ਲਈ ਸਮਰਥਨ ਕੀਤਾ ਗਿਆ ਹੈ<br>• ਵਾਹਨ ਚਾਲਕਾਂ ਨੂੰ ਕੀਮਤਾਂ ਦੀ ਬਿਹਤਰ ਜਾਣਕਾਰੀ ਦੇਣ ਲਈ, ਇੱਕ ਬਦਲਵਾਂ ਰਸਤਾ ਚੁਣਨ ਲਈ ਢੁੱਕਵਾਂ ਸਮੇਂ ਦੇਣ ਨਾਲ ਟੋਲ ਸੜਕਾਂ 'ਤੇ ਜਾਣਕਾਰੀ ਦੇਣ ਵਾਲੇ ਵਿੱਚ ਬਿਹਤਰ ਸਥਿਰ ਸੰਕੇਤਾਂ ਲੱਗੇ ਹੋਣ ਦੀ ਮੰਗ ਆਈ ਹੈ,<br>• ਟੋਲ ਸੜਕਾਂ 'ਤੇ ਮੁਰੰਮਤ/ ਦੁਰਘਟਨਾਵਾਂ/ ਸੰਭਾਵਿਤ ਦੇਰੀ ਬਾਰੇ ਜਾਣਕਾਰੀ ਦੇਣ ਵਾਲੇ, ਇੱਕ ਬਦਲਵਾਂ ਰਸਤਾ ਚੁਣਨ ਲਈ ਢੁੱਕਵਾਂ ਸਮੇਂ ਦੇਣ ਨਾਲ ਬਿਹਤਰ ਡਾਇਨਾਮਿਕ ਸੰਕੇਤਾਂ ਦੀ ਮੰਗ ਉਠਾਈ ਗਈ ਹੈ<br>• ਵਾਹਨ ਚਾਲਕਾਂ ਨੂੰ Google ਮੈਪ ਜਾਂ ਕਿਸੇ ਸੈਟੇਲਾਈਟ ਨੈਵੀਗੇਸ਼ਨ ਯੰਤਰ 'ਤੇ ਯਾਤਰਾ ਦਾ ਨਕਸ਼ਾ ਲਗਾਉਣ 'ਤੇ ਟੋਲ ਕੀਮਤ ਦੀ ਜਾਣਕਾਰੀ ਪ੍ਰਦਾਨ ਕਰਨ ਲਈ ਕਿਹਾ ਗਿਆ ਹੈ |
| 6. ਇਲੈਕਟ੍ਰਿਕ ਵਾਹਨਾਂ ਲਈ ਰਾਹਤ | • ਘੱਟ ਪ੍ਰਭਾਵ ਵਾਲੇ ਵਾਹਨਾਂ ਜਿਵੇਂ ਕਿ ਇਲੈਕਟ੍ਰਿਕ ਵਾਹਨਾਂ ਲਈ ਟੋਲ ਰਾਹਤ ਜਾਂ ਛੋਟ ਦੀ ਮੰਗ ਆਈ ਹੈ<br>• ਇਲੈਕਟ੍ਰਿਕ ਵਾਹਨਾਂ ਲਈ ਟੋਲ ਰਾਹਤ ਹੋਣਾ ਲੋਕਾਂ ਉਨ੍ਹਾਂ ਨੂੰ ਤੇਜ਼ੀ ਨਾਲ ਲੈਣ ਲਈ ਉਤਸ਼ਾਹਿਤ ਕਰੇਗੀ, ਜਿਸ ਨਾਲ ਵਾਤਾਵਰਣ ਲਈ ਬਿਹਤਰ ਨਤੀਜੇ ਨਿਕਲਣਗੇ |
| 7. ਟੋਲਿੰਗ ਮਾਲੀਏ ਦੀ ਵਰਤੋਂ ਬਾਰੇ ਪਾਰਦਰਸ਼ਤਾ | • ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਟੋਲ ਰੋਡ ਮਾਲੀਏ ਦੀ ਵਰਤੋਂ ਅਤੇ ਵੰਡ ਬਾਰੇ ਸਰਕਾਰ ਅਤੇ ਟੋਲ ਰੋਡ ਸੰਚਾਲਕਾਂ ਦੁਆਰਾ ਪ੍ਰਦਾਨ ਕੀਤੀ ਜਾਣਕਾਰੀ ਅਤੇ ਪਾਰਦਰਸ਼ਤਾ ਦੀ ਘਾਟ ਨੂੰ ਧਿਆਨ ਵਿੱਚ ਲਿਆਂਦਾ ਹੈ।<br>• ਬਹੁਤ ਸਾਰੀਆਂ ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਉਸਾਰੀ ਲਾਗਤਾਂ ਦਾ ਭੁਗਤਾਨ ਕੀਤੇ ਜਾਣ ਤੋਂ ਲੰਬੇ ਸਮੇਂ ਬਾਅਦ ਟੋਲ ਸੜਕਾਂ 'ਤੇ ਵਸੂਲੇ ਜਾਣ ਵਾਲੇ ਟੋਲ ਬਾਰੇ ਅਸੰਤੁਸ਼ਟੀ ਪ੍ਰਗਟ ਕੀਤੀ ਹੈ।<br>• ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਖ਼ਾਸ ਟੋਲ ਸੜਕਾਂ ਤੋਂ ਹੋਈ ਆਮਦਨ ਉਹੀ ਭਾਈਚਾਰਿਆਂ ਵਿੱਚ ਵਾਪਸ ਖ਼ਰਚੇ ਜਾਣ ਵਾਲੀਆਂ ਦੀ ਮੰਗ ਕੀਤੀ ਹੈ ਜੋ ਲੋਕ ਜ਼ਿਆਦਾਤਰ ਉਹੀ ਖ਼ਾਸ ਟੋਲ ਰੋਡ ਦੀ ਵਰਤੋਂ ਕਰਦੇ ਹਨ। |

## ਅਸੀਂ ਕੀ ਸੁਣਿਆ - ਹਿੱਤਧਾਰਕਾਂ ਤੋਂ

ਆਮ ਲੋਕਾਂ ਤੋਂ ਪ੍ਰਾਪਤ ਹੋਈ ਫੀਡਬੈਕ ਤੋਂ ਇਲਾਵਾ, ਇਸ ਸਮੀਖਿਆ ਵਿੱਚ ਸਥਾਨਕ ਕੌਂਸਲਾਂ ਤੋਂ ਲੈ ਕੇ ਪ੍ਰਮੁੱਖ ਹਿੱਤਧਾਰਕਾਂ ਜਿਵੇਂ ਕਿ ਅਕਾਦਮਿਕ, ਥਿੰਕ ਟੈਂਕ ਅਤੇ ਪ੍ਰਾਈਵੇਟ ਸਲਾਹਕਾਰ; ਟੋਲ ਰੋਡ ਆਪਰੇਟਰ, ਐਸੋਸੀਏਸ਼ਨਾਂ ਅਤੇ ਮੈਂਬਰ ਸੰਸਥਾਵਾਂ; ਚੈਂਬਰ ਆਫ਼ ਕਾਮਰਸ; ਬੰਦਰਗਾਹਾਂ, ਟਰੱਕਿੰਗ ਗਰੁੱਪ ਅਤੇ ਕਾਰੋਬਾਰ; ਪੀਕ ਬਾਡੀਆਂ; ਸਰਕਾਰੀ ਸੰਸਥਾਵਾਂ, ਨਿਰਪੱਖ ਵਿਵਾਦ ਨਿਪਟਾਰਾ ਸੰਸਥਾ ਅਤੇ ਕਾਰ ਸ਼ੇਅਰ ਕੰਪਨੀਆਂ ਤੋਂ ਵੀ ਉਹਨਾਂ ਦੀ ਰਾਏ ਨੂੰ ਸੁਣਿਆ ਗਿਆ।

ਕੁੱਲ ਮਿਲਾ ਕੇ, ਇਸ ਸਮੀਖਿਆ ਨੂੰ ਹਿੱਤਧਾਰਕਾਂ ਤੋਂ 51 ਰਾਏ-ਸੁਝਾਅ ਬੇਨਤੀਆਂ ਪ੍ਰਾਪਤ ਹੋਈਆਂ ਹਨ, ਜਿਸ ਵਿੱਚ ਸਿਡਨੀ ਵਿੱਚ ਆਯੋਜਿਤ ਜਨਤਕ ਸਲਾਹ-ਮਸ਼ਵਰੇ ਦੀਆਂ ਸੁਣਵਾਈਆਂ ਵਿੱਚ 12 ਬੇਨਤੀਆਂ ਪ੍ਰਾਪਤ ਹੋਈਆਂ ਹਨ। ਦੋ ਹਿੱਤਧਾਰਕਾਂ ਨੇ ਆਪਣੀ ਰਾਏ-ਸੁਝਾਅ ਬੇਨਤੀ ਨੂੰ ਗੁਪਤ ਰੱਖਣ ਦੀ ਇੱਛਾ ਜਤਾਈ ਹੈ।

ਇਸ ਸਮੀਖਿਆ ਨੇ ਹਿੱਤਧਾਰਕਾਂ ਨਾਲ 21 ਹੋਰ ਟੀਚਾਗਤ ਹਿੱਤਧਾਰਕ ਮੀਟਿੰਗਾਂ ਵੀ ਕੀਤੀਆਂ ਹਨ। ਇਹ ਰਿਪੋਰਟ ਇਹਨਾਂ ਮੀਟਿੰਗਾਂ ਦੀ ਸਮੱਗਰੀ ਦਾ ਸਾਰ ਨਹੀਂ ਦਿੰਦੀ, ਪਰ ਇਹਨਾਂ ਵਿੱਚੋਂ ਬਹੁਤ ਸਾਰੇ ਸਮੂਹਾਂ ਨੇ ਇਸ ਸਮੀਖਿਆ ਲਈ ਰਸਮੀ ਰਾਏ-ਸੁਝਾਅ ਬੇਨਤੀਆਂ ਕੀਤੀਆਂ ਹਨ।

### ਸਥਾਨਕ ਕੌਂਸਲਾਂ

ਇਸ ਸਮੀਖਿਆ ਨੂੰ ਹੇਠ ਲਿਖੇ ਅਨੁਸਾਰ 10 ਸਥਾਨਕ ਕੌਂਸਲਾਂ ਅਤੇ ਕੌਂਸਲਾਂ ਦੀ ਇੱਕ ਸੰਸਥਾ ਤੋਂ ਰਾਏ-ਸੁਝਾਅ ਬੇਨਤੀਆਂ ਪ੍ਰਾਪਤ ਹੋਈਆਂ ਹਨ:

- ਬੇਸਾਈਡ ਕੌਂਸਲ
- ਬਲੈਕਟਾਊਨ ਸਿਟੀ ਕੌਂਸਲ
- ਸੈਂਟਰਲ ਕੋਸਟ ਕੌਂਸਲ
- ਸਿਟੀ ਆਫ਼ ਕੈਂਟਰਬਰੀ ਬੈਂਕਸਟਾਊਨ
- ਸਿਟੀ ਆਫ਼ ਪੈਰਾਮਾਟਾ
- ਸਿਟੀ ਆਫ਼ ਸਿਡਨੀ
- ਲਿਵਰਪੂਲ ਸਿਟੀ ਕੌਂਸਲ
- ਪੈਂਨਰਿਥ ਸਿਟੀ ਕੌਂਸਲ
- ਸ਼ੋਅਲਹੈਵਨ ਸਿਟੀ ਕੌਂਸਲ
- ਦਾ ਹਿਲਸ ਸ਼ਾਇਰ ਕੌਂਸਲ
- ਵੈਸਟਰਨ ਸਿਡਨੀ ਰਿਜ਼ਨਲ ਆਰਗੇਨਾਈਜ਼ੇਸ਼ਨ ਆਫ ਕੌਂਸਲਜ਼

ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਟੋਲ ਕੈਪ ਲਗਾਉਣ, ਦੂਰੀ-ਅਧਾਰਿਤ ਕੀਮਤ ਅਤੇ ਪੀਕ ਅਤੇ ਆਫ਼-ਪੀਕ ਪੀਰੀਅਡ ਵਰਗੇ ਉਪਾਵਾਂ ਨੂੰ ਲਾਗੂ ਕਰਕੇ, ਟੋਲ ਕੀਮਤ ਪ੍ਰਣਾਲੀ ਵਿੱਚ ਸੁਧਾਰ ਕਰਨ ਦੀ ਜ਼ੋਰਦਾਰ ਸਿਫਾਰਸ਼ ਕੀਤੀ ਹੈ।

ਪੱਛਮੀ ਅਤੇ ਦੱਖਣ-ਪੱਛਮੀ ਸਿਡਨੀ ਵਿੱਚ ਸਥਿਤ ਕੌਂਸਲਾਂ ਨੇ CBD ਅਤੇ ਪੂਰਬੀ ਉਪਨਗਰਾਂ ਦੇ ਮੁਕਾਬਲੇ, ਜੋ ਆਮ ਤੌਰ 'ਤੇ ਟੋਲ ਸੜਕਾਂ 'ਤੇ ਘੱਟ ਨਿਰਭਰ ਹੁੰਦੇ ਹਨ, ਟੋਲ ਸੜਕਾਂ ਨਾਲ ਉਹਨਾਂ ਦੇ ਇਲਾਕੇ ਦੇ ਅਨੁਭਵ ਦੇ ਵਿਲੱਖਣ ਵਿੱਤੀ ਅਤੇ ਭੂਗੋਲਿਕ ਨੁਕਸਾਨਾਂ ਦੀ ਰੂਪਰੇਖਾ ਦਿੱਤੀ ਹੈ। ਕੌਂਸਲਾਂ ਨੇ ਦਲੀਲ ਦਿੱਤੀ ਕਿ ਇਹਨਾਂ ਪੱਛਮੀ ਅਤੇ ਦੱਖਣ ਪੱਛਮੀ ਭਾਈਚਾਰਿਆਂ ਲਈ ਟੋਲ ਦਾ ਵਿੱਤੀ ਬੋਝ ਬੁਨਿਆਦੀ ਢਾਂਚੇ, ਨੌਕਰੀਆਂ ਅਤੇ ਸੇਵਾਵਾਂ ਤੱਕ ਬਰਾਬਰ ਪਹੁੰਚ ਵਿੱਚ ਰੁਕਾਵਟ ਪਾ ਰਿਹਾ ਹੈ।

ਇੱਕ ਹੋਰ ਮੁੱਦਾ ਜੋ ਸਥਾਨਕ ਕੌਂਸਲਾਂ ਦੁਆਰਾ ਉਠਾਇਆ ਗਿਆ ਸੀ, ਉਹ ਸੀ ਟੋਲ ਰੋਡ ਦੀ ਵਰਤੋਂ ਤੋਂ ਜਾਣ-ਬੁੱਝਕੇ ਪ੍ਰਹੇਜ਼ ਕਰਨਾ, ਖ਼ਾਸ ਕਰਕੇ ਭਾਰੀ ਵਾਹਨਾਂ ਦੁਆਰਾ। ਕੌਂਸਲਾਂ ਨੇ ਸਥਾਨਕ ਭਾਈਚਾਰਿਆਂ 'ਤੇ ਭਾਰੀ ਵਾਹਨਾਂ ਦੇ ਟੋਲ ਰੋਡ ਤੋਂ ਜਾਣ-ਬੁੱਝਕੇ ਪ੍ਰਹੇਜ਼ ਕਰਨ ਦੇ ਮਾੜੇ ਪ੍ਰਭਾਵਾਂ ਨੂੰ ਧਿਆਨ ਵਿੱਚ ਲਿਆਂਦਾ ਗਿਆ, ਜਿਸ ਵਿੱਚ ਸ਼ੋਰ ਪ੍ਰਦੂਸ਼ਣ, ਹਵਾ ਦੀ ਗੁਣਵੱਤਾ ਵਿੱਚ ਕਮੀ, ਸੁਰੱਖਿਆ ਲਈ ਖ਼ਤਰੇ, ਅਤੇ ਆਵਾਜਾਈ ਦੀ ਭੀੜ ਹੋਣਾ

ਸ਼ਾਮਲ ਹੈ। ਕੌਂਸਲਾਂ ਨੇ ਭਾਰੀ ਵਾਹਨਾਂ ਲਈ ਟੋਲ ਰੋਡ ਦੀ ਵਰਤੋਂ ਨੂੰ ਬਿਹਤਰ ਪ੍ਰੋਤਸਾਹਿਤ ਕਰਨ ਅਤੇ/ਜਾਂ ਟੋਲ ਰੋਡ ਤੋਂ ਜਾਣ-ਬੁੱਝਕੇ ਪ੍ਰਹੇਜ਼ ਕਰਨ ਨੂੰ ਨਿਰ-ਉਤਸ਼ਾਹਤ ਕਰਨ ਦੀ ਸਿਫ਼ਾਰਸ਼ ਕੀਤੀ ਹੈ।

ਕਈ ਕੌਂਸਲਾਂ ਨੇ ਦਲੀਲ ਦਿੱਤੀ ਕਿ ਟੋਲ ਦੇ ਸੰਬੰਧ ਵਿੱਚ NSW ਸਰਕਾਰ ਅਤੇ ਸਥਾਨਕ ਕੌਂਸਲਾਂ ਵਿਚਕਾਰ ਰਣਨੀਤਕ ਸ਼ਮੂਲੀਅਤ ਦੀ ਘਾਟ ਹੈ। ਰਾਏ-ਸੁਝਾ ਦੀਆਂ ਬੇਨਤੀਆਂ ਨੇ ਸੱਚੇ ਅਤੇ ਖੁੱਲ੍ਹੇ ਸੰਵਾਦ ਦੁਆਰਾ ਟੋਲ ਲਗਾਉਣ ਬਾਰੇ ਜਨਤਾ ਨੂੰ ਬਿਹਤਰ ਜਾਣਕਾਰੀ ਦੇਣ ਦੀ ਜ਼ਰੂਰਤ ਜ਼ਾਹਰ ਕੀਤੀ ਹੈ। ਉਹਨਾਂ ਨੇ ਮੌਜੂਦਾ ਸਮੀਖਿਆ ਦੇ ਸੰਬੰਧ ਵਿੱਚ ਵਧੀ ਹੋਈ, ਨਿਰੰਤਰ ਚੱਲਣ ਵਾਲੀ ਪਾਰਦਰਸ਼ਤਾ ਰੱਖਣ ਲਈ ਦਲੀਲ ਦਿੱਤੀ ਹੈ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

ਬੇਸਾਈਡ ਕੌਂਸਲ

- "ਸਾਨੂੰ ਮੋਟਰ ਰਸਤਿਆਂ ਦੀ ਵਰਤੋਂ ਕਰਨ ਅਤੇ ਸਥਾਨਕ ਕੁਨੈਕਸ਼ਨਾਂ ਦੀ ਵਰਤੋਂ ਕਰਨ ਲਈ, ਖ਼ਾਸ ਕਰਕੇ ਭਾਰੀ ਵਾਹਨਾਂ ਲਈ ਰੁਕਾਵਟਾਂ ਦੀ ਵਰਤੋਂ ਕਰਨ ਲਈ ਅਸਲ ਪ੍ਰੋਤਸਾਹਨ ਦੀ ਲੋੜ ਹੈ।"

ਬਲੈਕਟਾਊਨ ਸਿਟੀ ਕੌਂਸਲ

- "ਵੈਸਟਰਨ ਸਿਡਨੀ ਦੇ ਵਸਨੀਕ ਮਹਿਸੂਸ ਕਰਦੇ ਹਨ ਕਿ ਉਹਨਾਂ 'ਤੇ ਟੋਲ ਸੜਕਾਂ ਦੇ ਖ਼ਰਚਿਆਂ ਦੁਆਰਾ ਨਾਵਾਜਿਬ ਤੌਰ 'ਤੇ ਬੋਝ ਪਾਇਆ ਜਾ ਰਿਹਾ ਹੈ, ਜਦੋਂਕਿ ਦੂਜੇ ਲੋਕਾਂ ਨੂੰ ਬਿਹਤਰ ਜਨਤਕ ਆਵਾਜਾਈ ਵਾਲੇ ਖੇਤਰਾਂ ਵਿੱਚ ਰਹਿਣ ਦੀ ਸਹੂਲਤ ਦਾ ਫ਼ਾਇਦਾ ਹੁੰਦਾ ਹੈ।"

ਸੈਂਟਰਲ ਕੋਸਟ ਕੌਂਸਲ

- "ਟੋਲ ਰੋਡ ਨੈੱਟਵਰਕ ਦੀ ਸਫ਼ਲ ਸਮੀਖਿਆ ਆਖਰਕਾਰ ਵਿਹਾਰਕ, ਪਹੁੰਚਾਉਣਯੋਗ ਅਤੇ ਟੀਚਾਗਤ ਉਪਾਅ ਪ੍ਰਦਾਨ ਕਰੇਗੀ ਜੋ ਟੋਲ ਰੋਡ ਉਪਭੋਗਤਾਵਾਂ ਲਈ ਜਾਇਜ ਕੀਮਤ ਨੂੰ ਯਕੀਨੀ ਬਣਾਵੇਗੀ; ਕੀਮਤ ਦੇ ਢਾਂਚੇ ਦਾ ਸਰਲੀਕਰਨ ਕਰੇਗੀ; ਅਤੇ ਭਾਈਚਾਰੇ ਨਾਲ ਪਾਰਦਰਸ਼ਤਾ ਲਿਆਉਣ ਨਾਲ ਟੋਲ ਰੋਡ ਨੈੱਟਵਰਕ ਬਾਰੇ ਜਾਣਕਾਰੀ ਤੱਕ ਉਪਭੋਗਤਾ-ਅਨੁਕੂਲ ਪਹੁੰਚ ਵਿੱਚ ਸੁਧਾਰ ਕੀਤਾ ਜਾਵੇਗਾ।"

ਸਿਟੀ ਆਫ਼ ਕੈਂਟਰਬਰੀ ਬੈਂਕਸਟਾਊਨ

- "ਕੌਂਸਲ ਇਸ ਸਮੀਖਿਆ ਦੇ ਮੁਖੀ ਅਤੇ ਉਪ-ਮੁਖੀ ਨੂੰ ਮੌਜੂਦਾ ਟੋਲ ਪ੍ਰਣਾਲੀਆਂ ਵਿੱਚ ਬਣੀ ਢਾਂਚਾਗਤ ਅਸਮਾਨਤਾ, ਅਨਿਆਂ ਅਤੇ ਅਪਾਰਦਰਸ਼ਤਾ ਨੂੰ ਸੁਧਾਰਨ ਲਈ ਮਜ਼ਬੂਤ ਅਤੇ ਕਾਰਵਾਈਯੋਗ ਸਿਫਾਰਸ਼ਾਂ ਕਰਨ ਲਈ ਸੱਦਾ ਦੇ ਰਹੀ ਹੈ।"

ਸਿਟੀ ਆਫ਼ ਪੈਰਾਮਾਟਾ

- "ਟੋਲ ਤੋਂ ਜਾਣਬੁੱਝਕੇ ਪ੍ਰਹੇਜ਼ ਕਰਨ ਦੇ ਨਤੀਜੇ ਵਜੋਂ ਕਾਰੋਬਾਰਾਂ, ਕਰਮਚਾਰੀਆਂ, ਕੇਂਦਰ ਵਿੱਚ ਆਉਣ ਵਾਲੇ ਯਾਤਰੀਆਂ ਅਤੇ ਕੇਂਦਰ ਅਤੇ ਆਲੇ ਦੁਆਲੇ ਦੇ ਵਸਨੀਕਾਂ 'ਤੇ ਕਾਫ਼ੀ ਜ਼ਿਆਦਾ ਆਰਥਿਕ ਅਤੇ ਸਮਾਜਿਕ ਪ੍ਰਭਾਵ ਪੈਂਦਾ ਹੈ"।

ਸਿਟੀ ਆਫ਼ ਸਿਡਨੀ

- "ਰਹਿਣ-ਰਹਿਣ ਦੀ ਲਾਗਤ ਨੂੰ ਘੱਟ ਕਰਨ ਲਈ ਸਹਾਇਤਾ ਦੇਣ ਨੂੰ ਸਰਕਾਰ ਨੂੰ ਟੋਲ ਰੋਡ ਓਪਰੇਟਰਾਂ ਨੂੰ ਲੰਬੇ ਸਮੇਂ ਲਈ ਟ੍ਰਾਂਸਫਰ ਭੁਗਤਾਨ ਵਿੱਚ ਪ੍ਰਭਾਵੀ ਤੌਰ 'ਤੇ ਅੜਕਾਕੇ ਨਹੀਂ ਰੱਖਣਾ ਚਾਹੀਦਾ ਹੈ"।
- "ਮੋਟਰ ਚਾਲਕਾਂ ਲਈ ਇੱਕ ਚੰਗਾ ਸੌਦਾ ਪ੍ਰਾਪਤ ਕਰਨਾ ਮਹਾਨ, ਆਰਥਿਕ ਤੌਰ 'ਤੇ ਜੀਵੰਤ ਸਥਾਨਾਂ ਦੀ ਕੀਮਤ 'ਤੇ ਨਹੀਂ ਹੋਣਾ ਚਾਹੀਦਾ ਹੈ ਅਤੇ ਸਿਡਨੀ ਦੇ ਭਵਿੱਖ ਨੂੰ ਸਮਰਥਨ ਦੇਣ ਲਈ ਇੱਕ ਵਧੇਰੇ ਬਰਾਬਰੀ ਅਤੇ ਟਿਕਾਊ ਆਵਾਜਾਈ ਪ੍ਰਣਾਲੀ ਨੂੰ ਪ੍ਰਾਪਤ ਕਰਨਾ ਹੋਣਾ ਚਾਹੀਦਾ ਹੈ।"

ਲਿਵਰਪੂਲ ਸਿਟੀ ਕੌਂਸਲ

- "ਲਿਵਰਪੂਲ LGA ਵਿੱਚ ਜਨਤਕ ਆਵਾਜਾਈ ਬੁਨਿਆਦੀ ਢਾਂਚਾ ਅਤੇ ਸੇਵਾਵਾਂ ਸਿਡਨੀ ਮੈਟਰੋਪੋਲੀਟਨ ਖੇਤਰ ਦੇ ਦੂਜੇ ਹਿੱਸਿਆਂ ਦੇ ਮੁਕਾਬਲੇ ਅਕੁਸ਼ਲ ਅਤੇ ਆਪਸ ਵਿੱਚ ਚੰਗੀ ਤਰ੍ਹਾਂ ਨਾਲ ਜੁੜੇ ਹੋਏ ਨਹੀਂ ਹਨ।"

ਪੈੱਨਰਿਥ ਸਿਟੀ ਕੌਂਸਲ

- "ਕੌਂਸਲ ਦਾ ਮੰਨਣਾ ਹੈ ਕਿ ਸਾਡਾ ਭਾਈਚਾਰਾ ਇਸ ਗੱਲ ਦਾ ਸਬੂਤ ਦੇਖਣਾ ਚਾਹੁੰਦਾ ਹੈ ਕਿ ਟੋਲ 'ਤੇ ਖ਼ਰਚੇ ਗਏ ਪੈਸੇ ਲੰਬੇ ਸਮੇਂ ਲਈ ਬਿਹਤਰ ਕਮਿਊਨਿਟੀ ਨਤੀਜੇ ਲਿਆ ਕਰ ਰਹੇ ਹਨ।"

ਦਾ ਹਿਲਸ ਸ਼ਾਇਰ ਕੌਂਸਲ

- "ਸਾਡੇ ਵਸਨੀਕਾਂ ਲਈ ਸਿਡਨੀ ਖੇਤਰ ਵਿੱਚ ਵਾਹਨਾਂ ਰਾਹੀਂ ਯਾਤਰਾ ਦਾ ਮੁੱਖ ਤਰੀਕਾ ਅਕਸਰ ਟੋਲ ਨੈੱਟਵਰਕ ਨਾਲ ਜੁੜਦਾ ਹੈ - ਖ਼ਾਸ ਕਰਕੇ ਸਿਡਨੀ CBD ਤੱਕ/ਤੋਂ ਯਾਤਰਾਵਾਂ ਦਾ। ਅੱਜ ਤੱਕ ਹੋਰ ਖੇਤਰਾਂ ਨੂੰ ਸਬਸਿਡੀ ਦਿੱਤੀ ਗਈ ਹੈ ਪਰ ਹਿੱਲਜ਼ ਵਿੱਚ ਰਹਿੰਦੇ ਨਿਵਾਸੀਆਂ ਨੂੰ ਨਹੀਂ।

ਵੈਸਟਰਨ ਸਿਡਨੀ ਰਿਜ਼ਨਲ ਆਰਗੇਨਾਈਜ਼ੇਸ਼ਨ ਆਫ ਕੌਂਸਲਜ਼

- "ਇਸ ਸਮੇਂ ਭਾਈਚਾਰਿਆਂ ਨਾਲ ਰਣਨੀਤਕ ਸੰਵਾਦ ਕਰਨਾ ਇੱਕ ਖਿੰਡਰੀ ਹੋਈ, ਅਸੰਗਤ, ਪ੍ਰੋਜੈਕਟ-ਕੇਂਦ੍ਰਿਤ ਪ੍ਰਕਿਰਿਆ ਹੈ ਜੋ ਉਹਨਾਂ ਲੋਕਾਂ ਨਾਲ ਜੁੜਨ ਵਿੱਚ ਅਸਫ਼ਲ ਰਹਿੰਦੀ ਹੈ ਜੋ ਇਸ ਪ੍ਰਕਿਰਿਆ ਦੇ ਲਾਭਪਾਤਰੀ ਹੋਣੇ ਚਾਹੀਦੇ ਹਨ।"

### ਅਕਾਦਮਿਕ, ਥਿੰਕ ਟੈਂਕ ਅਤੇ ਪ੍ਰਾਈਵੇਟ ਸਲਾਹਕਾਰ

- ਕਮੇਟੀ ਫਾਰ ਸਿਡਨੀ
- ਗਰੈਟਨ ਇੰਸਟੀਚਿਊਟ
- ਇਨਫਰਾਸਟ੍ਰਕਚਰ ਪਾਰਟਨਰਸ਼ਿਪ ਆਸਟ੍ਰੇਲੀਆ
- ਲਿਡੁਨੀਅਨ ਪਾਰਟਨਰ
- ਮੈਲਬੌਰਨ ਯੂਨੀਵਰਸਿਟੀ
- ਸਿਡਨੀ ਯੂਨੀਵਰਸਿਟੀ
- QLD ਯੂਨੀਵਰਸਿਟੀ
- ਵੋਲੋਂਗੋਂਗ ਯੂਨੀਵਰਸਿਟੀ

ਇਸ ਸਮੀਖਿਆ ਨੂੰ ਤਿੰਨ ਥਿੰਕ ਟੈਂਕਾਂ, ਇੱਕ ਨਿੱਜੀ ਸਲਾਹਕਾਰ ਅਤੇ ਚਾਰ ਅਕਾਦਮਿਕਾਂ ਤੋਂ ਰਾਏ-ਸੁਝਾਅ ਦੀਆਂ ਬੇਨਤੀਆਂ ਪ੍ਰਾਪਤ ਹੋਈਆਂ ਹਨ।

ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਦਲੀਲ ਦਿੱਤੀ ਗੀ ਹੈ ਕਿ NSW ਟੋਲ ਨੈੱਟਵਰਕ ਨੂੰ ਨਿਰਪੱਖ ਅਤੇ ਵਧੇਰੇ ਕੁਸ਼ਲ ਬਣਾਉਣ ਦੀ ਲੋੜ ਹੈ। ਉਹਨਾਂ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਟੋਲ ਬਹੁਤ ਮਹਿੰਗੇ ਹਨ, ਸਮਝਣ ਵਿੱਚ ਉਲਝਣ ਵਾਲੇ ਹਨ, ਰਹਿਣ-ਸਹਿਣ ਦੀ ਲਾਗਤ ਦੇ ਦਬਾਅ ਨੂੰ ਵਧਾ ਰਹੇ ਹਨ ਅਤੇ ਸਮਾਜਕ ਅਸਮਾਨਤਾ ਦਾ ਕਾਰਨ ਬਣ ਰਹੇ ਹਨ।

ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਧਿਆਨ ਵਿਛਗ ਲਿਆਂਦਾ ਹੈ ਕਿ ਮੌਜੂਦਾ ਕੀਮਤ ਪ੍ਰਣਾਲੀ, ਜਿਸ ਵਿੱਚ ਈਂਧਨ ਆਬਕਾਰੀ ਅਤੇ ਹੋਰ ਕਈ ਫ਼ੀਸਾਂ ਸ਼ਾਮਲ ਹਨ, ਵਿੱਚ ਪਾਰਦਰਸ਼ਤਾ ਦੀ ਘਾਟ ਹੈ ਅਤੇ ਸੜਕ ਦੀ ਵਰਤੋਂ ਦੀਆਂ ਅਸਲ ਲਾਗਤਾਂ ਨੂੰ ਦਰਸਾਉਣ ਵਿੱਚ ਅਸਫ਼ਲ ਹੈ।

ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਨਿਰਪੱਖਤਾ ਦੇ ਮਾਪਦੰਡਾਂ ਦੇ ਨਾਲ ਪੀਕ, ਵਿੱਚ-ਵਿਚਾਲੇ ਦੇ ਸਮੇਂ, ਅਤੇ ਆਫ਼-ਪੀਕ ਸਮੇਂ, ਦੂਰੀ-ਅਧਾਰਿਤ ਖ਼ਰਚਿਆਂ ਨੂੰ ਸ਼ਾਮਲ ਕਰਦੇ ਹੋਏ, ਨੈੱਟਵਰਕ-ਵਿਆਪਕ ਅਧਾਰ 'ਤੇ ਟੋਲ ਸੈੱਟ ਕੀਤੇ ਜਾਣ ਦੀ ਦਲੀਲ ਦਿੱਤੀ ਹੈ।

ਇੱਕ ਰਾਏ-ਸੁਝਾਅ ਦੀ ਬੇਨਤੀ ਨੇ ਟੋਲ ਕੀਮਤਾਂ ਵਿੱਚ ਸਮੁੱਚੇ ਤੌਰ 'ਤੇ ਕਮੀ ਕਰਨ ਲਈ ਦਲੀਲ ਦਿੱਤੀ, ਜਦੋਂ ਕਿ ਦੂਜੀਆਂ ਬੇਨਤੀਆਂ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਅਜਿਹੇ ਉਪਾਵਾਂ ਨਾਲ ਟੋਲ ਸੜਕਾਂ 'ਤੇ ਭੀੜ-ਭੜੱਕੇ ਵਿੱਚ ਵਾਧਾ ਹੋਵੇਗਾ। ਇਹਨਾਂ ਬੇਨਤੀਆਂ ਨੇ ਪੂਰੀ ਸੜਕ ਅਤੇ ਆਵਾਜਾਈ ਪ੍ਰਣਾਲੀ ਦਾ ਵਧੇਰੇ ਸੰਪੂਰਨ ਦ੍ਰਿਸ਼ਟੀਕੋਣ ਲੈਣ ਦਾ ਸੁਝਾਅ ਦਿੱਤਾ ਹੈ, ਜਿਸ ਵਿੱਚ ਟੋਲ ਸੜਕਾਂ ਤਸਵੀਰ ਦਾ ਸਿਰਫ਼ ਇੱਕ ਹਿੱਸਾ ਹੀ ਹਨ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਟੋਲ ਰੋਡ ਸੁਧਾਰ ਰਾਸ਼ਟਰੀ ਪੱਧਰ 'ਤੇ ਹੋਣੇ ਚਾਹੀਦੇ ਹਨ ਅਤੇ NSW ਨੂੰ ਮੋਹਰੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਰਾਏ-ਸੁਝਾਅ ਦੀਆਂ ਆਈਆਂ ਬੇਨਤੀਆਂ ਵਿੱਚ ਟੋਲ ਪ੍ਰਾਈਸਿੰਗ ਸੁਧਾਰ ਵਿੱਚ ਨਿਰਪੱਖ ਕੀਮਤ ਅਤੇ ਰੈਗੂਲੇਟਰੀ ਟ੍ਰਿਬਿਊਨਲ (IPART) ਤੋਂ ਵਧੇਰੇ ਸ਼ਮੂਲੀਅਤ ਕੀਤੇ ਜਾਣ ਲਈ ਸਮਰਥਨ ਸੀ।

ਇੱਕ ਸੁਝਾਅ ਸੀ ਕਿ NSW ਸਰਕਾਰ ਮੈਟਰੋਪੋਲੀਟਨ ਸਿਡਨੀ ਵਿੱਚ ਇੱਕ ਘੱਟ-ਨਿਕਾਸ ਵਾਲੇ ਜ਼ੋਨ ਦੀ ਸ਼ੁਰੂਆਤ ਕਰਨ 'ਤੇ ਵਿਚਾਰ ਕਰ ਸਕਦੀ ਹੈ, ਜੋ ਜ਼ਿਆਦਾ ਪ੍ਰਦੂਸ਼ਣ ਵਾਲੇ ਵਾਹਨਾਂ ਨੂੰ ਭਾਰੀ ਆਬਾਦੀ ਵਾਲੇ ਖੇਤਰਾਂ ਵਿੱਚ ਚਲਾਉਣ ਤੋਂ ਰੋਕੇਗਾ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

ਕਮੇਟੀ ਫਾਰ ਸਿਡਨੀ

- "ਸਿਡਨੀ ਦੇ ਲੋਕ ਟ੍ਰੈਫਿਕ ਵਿੱਚ ਫਸੇ ਰਹਿ ਕੇ ਬਹੁਤ ਜ਼ਿਆਦਾ ਸਮਾਂ ਅਤੇ ਪੈਸਾ ਖ਼ਰਚ ਕਰਦੇ ਹਨ।"
- "ਸਾਡੇ ਵਿਚਾਰ ਵਿੱਚ, ਸਿਡਨੀ ਵਿੱਚ ਪ੍ਰਤੀ ਕਿਲੋਮੀਟਰ ਸੜਕ ਉਪਭੋਗਤਾ ਕੀਮਤ ਲਗਾਉਣ ਦੀ ਸ਼ੁਰੂਆਤ ਟਰੈਫਿਕ ਨੂੰ ਘਟਾਉਣ 'ਤੇ ਸਭ ਤੋਂ ਵੱਧ ਪ੍ਰਭਾਵ ਪਾਵੇਗੀ।"
- "ਜੇਕਰ ਅਸੀਂ ਲੋਕਾਂ ਲਈ ਗੱਡੀ ਚਲਾਉਣਾ ਸਸਤਾ ਕਰ ਦਿੰਦੇ ਹਾਂ, ਤਾਂ ਜ਼ਿਆਦਾ ਲੋਕ ਗੱਡੀ ਚਲਾਉਣਗੇ, ਮਤਲਬ ਕਿ ਜ਼ਿਆਦਾ ਲੋਕ ਜ਼ਿਆਦਾ ਸਮੇਂ ਤੱਕ ਟ੍ਰੈਫਿਕ ਵਿੱਚ ਫਸੇ ਰਹਿਣਗੇ।"
- "ਇਹ ਯਕੀਨੀ ਬਣਾਉਣ ਲਈ ਕਿ ਅਸੀਂ ਟੋਲ ਦੀ ਲਾਗਤ ਦੀ ਸਮੀਖਿਆ ਇਕੱਲੇ ਤੌਰ 'ਤੇ ਨਹੀਂ ਕਰਦੇ ਹਾਂ ਅਤੇ ਗਲਤੀ ਨਾਲ ਡ੍ਰਾਈਵਿੰਗ ਨੂੰ ਜਨਤਕ ਟ੍ਰਾਂਸਪੋਰਟ ਨਾਲੋਂ ਸਸਤਾ ਵਿਕਲਪ ਨਹੀਂ ਬਣਾਉਂਦੇ ਹਾਂ, ਸਾਨੂੰ ਸਿਡਨੀ ਵਿੱਚ ਯਾਤਰਾ ਕਰਨ ਦੀ ਲਾਗਤ ਦੀ ਵਧੇਰੇ ਵਿਆਪਕ ਰੂਪ ਵਿੱਚ ਸਮੀਖਿਆ ਕਰਨੀ ਚਾਹੀਦੀ ਹੈ।"

ਗਰੈਟਨ ਇੰਸਟੀਚਿਊਟ

- "...NSW ਆਪਣੀ ਤੀਜੀ ਟੋਲ ਰਾਹਤ ਸਕੀਮ 'ਤੇ ਹੈ, ਅਤੇ ਇਹ ਸੰਭਵ ਹੈ ਕਿ ਟੈਕਸਦਾਤਾ ਦੁਆਰਾ ਫ਼ੰਡ ਕੀਤੇ ਮੁਆਵਜ਼ੇ ਦਾ ਭੁਗਤਾਨ ਟੋਲ ਕੰਪਨੀਆਂ ਨੂੰ ਕੀਤਾ ਜਾਵੇਗਾ। ਇਹ ਸਪੱਸ਼ਟ ਹੈ ਕਿ ਟੋਲ ਸੜਕਾਂ ਨੂੰ ਪੂਰੀ ਤਰ੍ਹਾਂ ਫ਼ੰਡ ਨਹੀਂ ਦੇਣਗੇ।"
- "ਇੱਕ ਨਵੀਂ ਸਕੀਮ ਨੂੰ ਪੀਕ-ਸਮੇਂ ਦੀ ਕੀਮਤ ਨਿਰਧਾਰਤ ਕਰਨੀ ਚਾਹੀਦੀ ਹੈ ਜੋ ਸਥਾਨ ਅਨੁਸਾਰ ਵੱਖ-ਵੱਖ ਹੋਣ, ਅਤੇ ਸੜਕਾਂ ਦੀ ਮੁਫ਼ਤ ਜਾਂ ਸਸਤੀ ਵਰਤੋਂ ਦੀ ਪੇਸ਼ਕਸ਼ ਕਰਦੇ ਹਨ ਜਦੋਂ ਉਹ ਜ਼ਿਆਦਾ ਭੀੜ ਵਾਲੇ ਨਾ ਹੋਣ। ਇਸਨੂੰ ਸੜਕ ਦੇ ਹਾਲਾਤ ਬਦਲਣ 'ਤੇ ਸਮੇਂ-ਸਮੇਂ 'ਤੇ ਟੋਲ ਦੀਆਂ ਕੀਮਤ ਦਰਾਂ ਨੂੰ ਅਪਡੇਟ ਕਰਨ ਲਈ ਇੱਕ ਵਿਧੀ ਬਣਾਉਣੀ ਚਾਹੀਦੀ ਹੈ।"
- "... ਭੀੜ-ਭੜੱਕੇ ਨਾਲ ਨਜਿੱਠਣ ਲਈ ਟੋਲ ਦੇਣ ਦਾ ਮਤਲਬ ਹੈ ਕਿ ਟੋਲ ਦਿਨ ਦੇ ਸਮੇਂ ਅਤੇ ਸਥਾਨ ਅਨੁਸਾਰ ਵੱਖ-ਵੱਖ ਹੋਣੇ ਚਾਹੀਦੇ ਹਨ, ਅਤੇ ਜਦੋਂ ਹਾਲਾਤ ਬਦਲਦੇ ਹਨ, ਟੋਲ ਦਰਾਂ ਵੀ ਬਦਲ ਜਾਣੀਆਂ ਚਾਹੀਦੀਆਂ ਹਨ।"
- "ਇਸਦਾ ਉਦੇਸ਼ ਉਹਨਾਂ ਡਰਾਈਵਰਾਂ ਦੇ ਵਿਵਹਾਰ ਨੂੰ ਬਦਲਣਾ ਹੋਣਾ ਚਾਹੀਦਾ ਹੈ ਜੋ ਕਿ ਕਦੋਂ, ਕਿੱਥੇ, ਜਾਂ ਕਿਵੇਂ ਯਾਤਰਾ ਕਰਦੇ ਹਨ ਇਸ ਬਾਰੇ ਲਚਕਦਾਰ ਹਨ।"

ਇਨਫਰਾਸਟ੍ਰਕਚਰ ਪਾਰਟਨਰਸ਼ਿਪ ਆਸਟ੍ਰੇਲੀਆ

- "ਮੋਟਰ ਰਸਤਿਆਂ ਦਾ ਮੌਜੂਦਾ ਨੈੱਟਵਰਕ ਨਿਯਮਿਤ ਤੌਰ 'ਤੇ ਭੀੜ-ਭੜੱਕੇ, ਮਹੱਤਵਪੂਰਨ ਸੜਕ ਲਿੰਕ ਦੇ ਅਧੂਰੇ ਰਹਿਣ ਨਾਲ ਪ੍ਰਭਾਵਿਤ ਹੁੰਦਾ ਹੈ ਅਤੇ ਆਉਣ ਵਾਲੇ ਦਹਾਕਿਆਂ ਵਿੱਚ ਨੈੱਟਵਰਕ 'ਤੇ ਦਬਾਅ ਕਾਫ਼ੀ ਜ਼ਿਆਦਾ ਵਧਣ ਲਈ ਤਿਆਰ ਹੈ।"
- "ਨੈੱਟਵਰਕ ਟੋਲਿੰਗ ਰਾਜ ਦੇ ਬਜਟ 'ਤੇ ਕਾਫ਼ੀ ਜ਼ਿਆਦਾ ਖ਼ਰਚੇ ਦਾ ਦਬਾਅ ਪਾਏ ਬਗ਼ੈਰ ਸਿਡਨੀ ਮੋਟਰ ਰਸਤਿਆਂ ਦੇ ਨੈੱਟਵਰਕ ਦੀ ਵਰਤੋਂ ਨੂੰ ਬਿਹਤਰ ਬਣਾਉਣ ਲਈ ਇੱਕ ਵਿਹਾਰਕ ਅਤੇ ਥੋੜ੍ਹੇ ਸਮੇਂ ਦਾ ਰਸਤਾ ਪ੍ਰਦਾਨ ਕਰਦੀ ਹੈ। ਅਸਲ ਵਿੱਚ, ਜੇਕਰ ਚੰਗੀ ਤਰ੍ਹਾਂ ਡਿਜ਼ਾਇਨ ਅਤੇ ਲਾਗੂ ਗਿਆ, ਤਾਂ ਇਹ ਨੈੱਟਵਰਕ ਲਈ ਇੱਕ ਕੁਸ਼ਲ ਟੋਲਿੰਗ ਪ੍ਰਣਾਲੀ ਦਾ ਵਿਕਾਸ ਸੰਭਾਵੀ ਤੌਰ 'ਤੇ ਬੁਨਿਆਦੀ ਢਾਂਚੇ ਨੂੰ ਫ਼ੰਡ ਦੇਣ ਲਈ ਇੱਕ ਨਵੀਂ ਮਾਲੀਆ ਉਗਰਾਹੀ ਦਾ ਰਾਹ ਕੱਢ ਸਕਦੀ ਹੈ।

ਲਿਡੂਨੀਅਨ ਪਾਰਟਨਰ

- "ਮੇਰਾ ਮੰਨਣਾ ਹੈ ਕਿ ਸਾਡੇ ਟੋਲ ਰੋਡ ਠੇਕਿਆਂ ਨੂੰ ਠੀਕ ਕਰਨ ਦਾ ਤਰਕਪੂਰਨ ਹੱਲ ਰੈਗੂਲੇਟਰੀ ਉਪਯੋਗਤਾ ਮਾਡਲ ਨੂੰ ਅਪਣਾਉਣਾ ਹੈ।"
- "...ਵਿਆਪਕ ਭਾਈਚਾਰਕ ਦੇ ਦ੍ਰਿਸ਼ਟੀਕੋਣ ਤੋਂ, ਇਹ ਮਹੱਤਵਪੂਰਨ ਹੈ ਕਿ ਇਸ ਲਈ ਇੱਕ ਰੈਗੂਲੇਟਰੀ ਨਿਗਰਾਨੀ ਸੰਸਥਾ ਹੋਵੇ ਕਿਉਂਕਿ ਇਹ ਅਸਲ ਵਿੱਚ ਬਰਾਬਰੀ ਅਤੇ ਨਿਰਪੱਖਤਾ ਅਤੇ ਇਕਸਾਰਤਾ ਬਾਰੇ ਮੁੱਦਿਆਂ ਨੂੰ ਹੱਲ ਕਰਨ ਲਈ ਮੰਨਿਆ ਜਾਂਦਾ ਹੈ।"
- "ਮੁੱਖ ਖੇਤਰ ਜੋ ਮੈਂ ਸੋਚਦਾ ਹਾਂ ਕਿ ਇੱਥੇ ਵੱਡਾ ਮੌਕਾ ਹਨ, ਉਹ ਇਹ ਪ੍ਰੋਜੈਕਟ ਹਨ, ਇੱਕ ਵਾਰ ਜਦੋਂ ਇਹ ਕਾਰਜਸ਼ੀਲ ਹੋ ਜਾਂਦੇ ਹਨ, ਤਾਂ ਅਸੀਂ ਇਹ ਸਭ ਤੋਂ ਵਧੀਆ ਕਿਵੇਂ ਯਕੀਨੀ ਬਣਾ ਸਕਦੇ ਹਾਂ ਕਿ ਸਾਡੇ ਨਿਵੇਸ਼ਕ, ਸਾਡੇ ਸੇਵਾਮੁਕਤੀ ਫ਼ੰਡ ਫਿਰ ਉਹਨਾਂ ਜੋਖਮਾਂ ਲਈ ਉਚਿਤ ਨਫ਼ਾ ਕਮਾ ਰਹੇ ਹਨ ਜੋ ਉਹ ਅਸਲ ਵਿੱਚ ਲੈ ਰਹੇ ਹਨ।"

ਮੈਲਬੌਰਨ ਯੂਨੀਵਰਸਿਟੀ

- "ਟੋਲ ਦੀ ਵਰਤੋਂ ਸਥਿਰਤਾ-ਸੰਬੰਧਿਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਕੀਤੀ ਜਾ ਸਕਦੀ ਹੈ ਜਿਵੇਂ ਕਿ ਭੀੜ-ਭੜੱਕਾ ਘੱਟ ਕਰਨਾ, ਨਿਕਾਸੀ ਘਟਾਉਣਾ, ਸੁਰੱਖਿਆ ਵਧਾਉਣਾ ਅਤੇ ਸਮਾਜਿਕ ਬਰਾਬਰੀ।"
- "ਜਦੋਂ ਕਾਰਾਂ ਅਤੇ ਟਰੱਕਾਂ ਦੋਵਾਂ ਲਈ ਉਪਭੋਗਤਾ ਲਾਗਤਾਂ ਨੂੰ ਅਨੁਕੂਲ ਬਣਾਇਆ ਜਾਂਦਾ ਹੈ ਤਾਂ ਇਸ ਨਾਲ ਕਾਰਾਂ ਅਤੇ ਟਰੱਕਾਂ ਲਈ ਟੋਲ ਪੱਧਰ ਕਾਫ਼ੀ ਘੱਟ ਹੁੰਦੇ ਹਨ ਅਤੇ ਨਿਵੇਸ਼ 'ਤੇ ਵਾਜਬ ਨਫ਼ਾ ਵਾਪਸੀ ਪ੍ਰਾਪਤ ਕਰਨ ਦੇ ਨਾਲ-ਨਾਲ ਸਮਾਜਿਕ ਅਤੇ ਵਾਤਾਵਰਣਕ ਲਾਗਤਾਂ ਵੀ ਘੱਟ ਹੁੰਦੀਆਂ ਹਨ।"

ਕੁਈਨਜ਼ਲੈਂਡ ਯੂਨੀਵਰਸਿਟੀ

- "ਕਿਉਂਕਿ ਸੜਕ ਨੈੱਟਵਰਕ ਦਾ ਮੁੱਲ ਇੱਕ ਸੜਕ 'ਤੇ ਨਿਰਭਰ ਨਹੀਂ ਕਰਦਾ ਹੈ, ਬਲਿਕ ਸਮੁੱਚੇ ਤੌਰ 'ਤੇ ਆਵਾਜਾਈ ਪ੍ਰਣਾਲੀ' ਤੇ ਨਿਰਭਰ ਕਰਦਾ ਹੈ, ਟੋਲ ਸੜਕਾਂ ਦਾ ਕੁਸ਼ਲ ਪ੍ਰਬੰਧਨ ਰਾਸ਼ਟਰ ਦੀ ਭਲਾਈ ਲਈ ਅਹਿਮ ਹੈ, ਭਾਵੇਂ ਇਕੱਲੀਆਂ ਸੜਕਾਂ ਨਿੱਜੀ ਤੌਰ 'ਤੇ ਮਲਕੀਅਤ ਵਾਲੀਆਂ ਹੋਣ।"

ਸਿਡਨੀ ਯੂਨੀਵਰਸਿਟੀ

- "...ਸੜਕ ਦੀ ਵਰਤੋਂ ਦੀ ਕੁਸ਼ਲਤਾ ਨੂੰ ਯਕੀਨੀ ਬਣਾਉਣ ਲਈ ਲੰਬੇ ਸਮੇਂ ਦੀ ਵਚਨਬੱਧਤਾ ਦੇ ਹਿੱਸੇ ਵਜੋਂ, ਟੋਲ ਸਮੀਖਿਆ ਨੂੰ ਇੱਕ ਨੈੱਟਵਰਕ-ਵਿਆਪਕ ਹੱਲ ਵਿੱਚ ਤਬਦੀਲ ਕਰਨ ਦੇ ਯੋਗ ਹੋਣ ਦੀ ਸਥਿਤੀ ਵਿੱਚ ਹੋਣਾ ਚਾਹੀਦਾ ਹੈ, ਕੁੱਝ ਇਕੁਇਟੀ (ਨਿਆਂ ਅਤੇ ਨਿਰਪੱਖਤਾ) ਨਿਯਮਾਂ ਦੇ ਨਾਲ ਇਹ ਯਕੀਨੀ ਬਣਾਉਣ ਲਈ ਕਿ ਕੋਈ ਵੀ ਵਿੱਤੀ ਤੌਰ 'ਤੇ ਨੁਕਸਾਨ ਨਹੀਂ ਉਠਾ ਰਿਹਾ ਹੈ।

ਵੋਲੋਂਗੋਂਗ ਯੂਨੀਵਰਸਿਟੀ

- "ਲੋਕਾਂ ਨੂੰ ਕਾਰ ਵਿੱਚ ਬੈਠਣ ਅਤੇ ਸਿਡਨੀ ਵਿੱਚ ਡ੍ਰਾਈਵਿੰਗ ਕਰਨ ਤੋਂ ਪਹਿਲਾਂ ਦੋ ਵਾਰ ਸੋਚਣ ਲਈ ਕੁੱਝ ਕੀਮਤ ਨੁਮਾ ਲਾਲਚ ਹੋਣ ਦੀ ਲੋੜ ਹੈ।"

- "ਗ੍ਰੇਟਰ ਸਿਡਨੀ ਖੇਤਰ ਨੂੰ ਕਈ ਥਾਵਾਂ 'ਤੇ ਆਵਾਜਾਈ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦੁਨੀਆ ਦੇ ਚੋਟੀ ਦੇ ਦਸ ਰਹਿਣ ਯੋਗ ਸ਼ਹਿਰਾਂ ਵਿੱਚ ਸਿਡਨੀ ਦੀ ਰੈਂਕਿੰਗ ਨੂੰ ਬਹਾਲ ਕਰਨ ਲਈ (ਰੈਂਕਿੰਗ ਵਿੱਚ ਸਿਡਨੀ ਦਾ ਸਥਾਨ ਸੀ, ਕਈ ਸਾਲਾਂ ਤੱਕ, 2019 ਤੱਕ) ਇਸਦੀ ਰੇਲ ਪ੍ਰਣਾਲੀ ਵਿੱਚ ਨਿਰੰਤਰ ਨਿਵੇਸ਼ ਕੇਨ ਦੇ ਨਾਲ-ਨਾਲ ਸੜਕ ਕੀਮਤ ਸੁਧਾਰ ਦੀ ਲੋੜ ਹੋਵੇਗੀ।

### ਟੋਲ ਰੋਡ ਆਪਰੇਟਰ

- ਨੋਰਥ-ਵੈਸਟਰਨ ਸੜਕਾਂ
- ਟ੍ਰਾਂਸ-ਅਰਬਨ

ਇਸ ਸਮੀਖਿਆ ਨੂੰ ਟੋਲ ਰੋਡ ਸੰਚਾਲਕਾਂ ਤੋਂ ਦੋ ਬੇਨਤੀਆਂ ਪ੍ਰਾਪਤ ਹੋਈਆਂ ਹਨ।

ਨੋਰਥ-ਵੈਸਟਰਨ ਰੋਡ ਵਲੋਂ ਦਿੱਤੀ ਗਈ ਰਾਏ-ਸੁਝਾਅ ਬੇਨਤੀ ਵਿੱਚ NSW ਦੇ ਮੋਟਰ ਰਸਤਿਆਂ ਦੇ ਸੰਚਾਲਨ ਲਈ ਦੋ ਸੰਭਾਵੀ ਸੁਧਾਰਾਂ ਦਾ ਸੁਝਾਅ ਦਿੱਤਾ ਹੈ। ਸਭ ਤੋਂ ਪਹਿਲਾਂ, ਜਾਣਕਾਰੀ ਵਾਲੇ ਬਦਲਵੇਂ ਰਸਤਿਆਂ ਦੀ ਸਹੂਲਤ ਲਈ ਮਹੱਤਵਪੂਰਨ ਫ਼ੈਸਲੇ ਵਾਲੇ ਬਿੰਦੂਆਂ 'ਤੇ ਜਾਣਕਾਰੀ ਦੇ ਪ੍ਰਬੰਧ ਨੂੰ ਵਧਾਉਣਾ - ਉਦਾਹਰਨ ਲਈ, ਆਵਾਜਾਈ ਦੇ ਹਾਲਾਤਾਂ, ਆਵਾਜਾਈ ਦੇ ਸਮੇਂ ਅਤੇ ਟੋਲ ਦਰਾਂ ਬਾਰੇ ਲਾਈਵ ਜਾਣਕਾਰੀ ਸਾਂਝੀ ਕਰਨਾ। ਦੂਜਾ, ਫ਼ੀਸਾਂ ਅਤੇ ਗਾਹਕਾਂ 'ਤੇ ਬੋਝ ਨੂੰ ਘਟਾਉਣ ਲਈ ਟੋਲ ਨੋਟਿਸ ਭੁਗਤਾਨਾਂ ਲਈ ਪ੍ਰਸ਼ਾਸਕੀ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਸੁਧਾਰ ਕਰਨਾ। ਵਰਤਮਾਨ ਵਿੱਚ, ਬਗ਼ੈਰ ਈ-ਟੈਗ ਦੇ ਸਿੰਗਲ ਸਫ਼ਰ ਵਿੱਚ ਵਾਹਨ ਰਜਿਸਟ੍ਰੇਸ਼ਨ ਦੇ ਆਧਾਰ 'ਤੇ, ਇੱਕ ਹਾਰਡ ਕਾਪੀ ਇਨਵੌਇਸ ਪ੍ਰਿੰਟ ਅਤੇ ਵਾਹਨ ਚਾਲਕ ਨੂੰ ਡਾਕ ਰਾਹੀਂ ਭੇਜਿਆ ਜਾਂਦਾ ਹੈ। ਇਸਦੀ ਬਜਾਏ, ਨੋਰਥ-ਵੈਸਟਰਨ ਨੂੰ ਉਮੀਦ ਹੈ ਕਿ NSW ਸਰਕਾਰ ਇੱਕ ਈਮੇਲ ਸਿਸਟਮ ਵਿੱਚ ਸ਼ਿਫਟ ਕਰਨ ਵਿੱਚ ਸਹਾਇਤਾ ਕਰੇਗੀ। ਉਹਨਾਂ ਨੇ ਧਿਆਨ ਵਿੱਚ ਲਿਆਂਦਾ ਕਿ ਇਹ ਗਾਹਕ ਲਈ ਲਾਗਤਾਂ ਨੂੰ ਘਟਾਏਗਾ, ਸ਼ੁੱਧਤਾ ਵਿੱਚ ਸੁਧਾਰ ਕਰੇਗਾ ਅਤੇ ਭੁਗਤਾਨ ਕਰਨਾ ਆਸਾਨ ਬਣਾ ਦੇਵੇਗਾ।

ਟ੍ਰਾਂਸ-ਅਰਬਨ ਵੱਲੋਂ ਰਾਏ-ਸੁਝਾਅ ਦੀ ਬੇਨਤੀ ਨੇ ਟੋਲ ਰੋਡ ਨੈੱਟਵਰਕ ਵਿੱਚ ਇੱਕ ਵਧੇਰੇ ਇਕਸਾਰ ਕੀਮਤ ਪਹੁੰਚ ਦਾ ਸਮਰਥਨ ਕੀਤਾ ਜੋ ਮੰਗ ਨਾਲ ਨਜਿੱਠਣ ਲਈ ਦਿਨ ਦੇ ਸਮੇਂ ਅਨੁਸਾਰ ਕੀਮਤ ਤੋਂ ਇਲਾਵਾ ਦੂਰੀ-ਅਧਾਰਿਤ ਟੋਲਿੰਗ (ਜ਼ੋਨ ਦੁਆਰਾ) ਅਤੇ ਪ੍ਰਵੇਸ਼ ਖ਼ਰਚਿਆਂ ਨੂੰ ਮਿਲਾ ਸਕਦੀ ਹੈ। ਟ੍ਰਾਂਸ-ਅਰਬਨ ਨੇ ਨੋਟ ਕੀਤਾ ਹੈ ਕਿ ਸਿਡਨੀ ਟੋਲ ਰੋਡ ਨੈੱਟਵਰਕ ਵਿੱਚ ਇੱਕ ਨਿਸ਼ਚਿਤ ਪ੍ਰਵੇਸ਼ ਚਾਰਜ ਛੋਟੀਆਂ ਯਾਤਰਾਵਾਂ ਦਾ ਭੀੜ-ਭੜੱਕੇ 'ਤੇ ਹੋਣ ਵਾਲਾ ਪ੍ਰਭਾਵ ਦੇਖਦੇ ਹੋਏ ਇਹਨਾਂ ਛੋਟੀ ਲੰਬਾਈ ਦੀਆਂ ਯਾਤਰਾਵਾਂ ਦੀ ਮਾਮੂਲੀ ਲਾਗਤ ਨੂੰ ਹਾਸਲ ਕਰਨ ਵਿੱਚ ਮੱਦਦ ਕਰ ਸਕਦਾ ਹੈ, ਜਿਸ ਨਾਲ ਸਮੁੱਚੇ ਨੈੱਟਵਰਕ ਕੁਸ਼ਲਤਾ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸਨੇ ਨੋਟ ਕੀਤਾ ਕਿ ਦਿਨ ਦੌਰਾਨ ਸਮੇਂ ਮੁਤਾਬਕ ਕੀਮਤ ਰੱਖਣਾ ਮੰਗ ਅਤੇ ਭੀੜ ਨਾਲ ਨਜਿੱਠਣ ਵਿੱਚ ਪ੍ਰਭਾਵੀ ਹੋ ਸਕਦਾ ਹੈ, ਅਤੇ ਟਰੱਕਾਂ ਲਈ ਆਫ਼-ਪੀਕ ਕੀਮਤ ਉਹਨਾਂ ਨੂੰ ਘੱਟ ਰੁੱਝੇ ਸਮਿਆਂ ਵਿੱਚ ਗੱਡੀ ਚਲਾਉਣ ਲਈ ਉਤਸ਼ਾਹਿਤ ਕਰੇਗੀ, ਦੂਜੇ ਯਾਤਰੀਆਂ ਲਈ ਇੱਕ ਸੁਰੱਖਿਅਤ ਅਤੇ ਬਿਹਤਰ ਗਾਹਕ ਅਨੁਭਵ ਪ੍ਰਦਾਨ ਕਰੇਗੀ। ਟ੍ਰਾਂਸ-ਅਰਬਨ ਟੋਲ ਨੋਟਿਸ ਪ੍ਰਕਿਰਿਆ ਅਤੇ ਸੜਕ ਉੱਤੇ ਲੱਗੇ ਸੰਕੇਤਾਂ ਨੂੰ ਬਿਹਤਰ ਬਣਾਉਣ ਦਾ ਮੌਕਾ ਦੇਖਦਾ ਹੈ, ਜਿਸ ਨਾਲ ਵਾਹਨ ਚਾਲਕਾਂ ਨੂੰ ਉਹਨਾਂ ਦੇ ਰੂਟ ਬਦਲਾਂ ਬਾਰੇ ਸੂਚਿਤ ਕਰਨ ਵਿੱਚ ਮੱਦਦ ਕਰਨ ਲਈ ਵਾਧੂ ਜਾਣਕਾਰੀ ਪ੍ਰਦਾਨ ਕੀਤੀ ਜਾ ਸਕਦੀ ਹੈ।

#### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

ਨੋਰਥ-ਵੈਸਟਰਨ ਰੋਡਜ਼

- "ਆਰਥਿਕ ਅਨਿਸ਼ਚਿਤਤਾ ਦੇ ਸਮੇਂ, ਰਹਿਣ-ਸਹਿਣ ਦੀ ਲਾਗਤ ਦੇ ਦਬਾਅ ਅਤੇ ਚੁਣੌਤੀਪੂਰਨ ਸਰਕਾਰੀ ਵਿੱਤ ਖ਼ਰਚਿਆ ਕਾਰਨ, ਇਹ ਪਹਿਲਾਂ ਨਾਲੋਂ ਕਿਤੇ ਵੱਧ ਮਹੱਤਵਪੂਰਨ ਹੈ ਕਿ ਸਾਡਾ ਬੁਨਿਆਦੀ ਢਾਂਚਾ ਦਿੱਤੇ ਪੈਸੇ ਦਾ ਮੁੱਲ ਮੋੜਦਾ ਹੈ ਅਤੇ ਆਰਥਿਕ ਵਿਕਾਸ ਦਾ ਸਮਰਥਨ ਕਰਦਾ ਹੈ।"
- "Westlink M7 ਅਤੇ NorthConnex ਨੇ ਵੈਸਟਰਨ ਸਿਡਨੀ ਤੋਂ ਸੈਂਟਰਲ ਕੋਸਟ ਤੱਕ ਚੱਲ ਰਹੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸ ਨਾਲ ਨਿਵਾਸੀਆਂ ਅਤੇ ਕਾਰੋਬਾਰਾਂ ਦੋਵਾਂ ਨੂੰ ਫ਼ਾਇਦਾ ਹੋਇਆ ਹੈ।"

ਟ੍ਰਾਂਸ-ਅਰਬਨ

- "ਟ੍ਰਾਂਸ-ਅਰਬਨ ਮਾਨਤਾ ਦਿੰਦਾ ਹੈ ਕਿ ਤੇਜ਼ੀ ਨਾਲ ਟੋਲ ਸੜਕਾਂ ਬਣਨ ਦੁਆਰਾ ਅਤੇ "ਗੁੰਮ ਲਿੰਕਸ" ਨੇ ਨੈੱਟਵਰਕ ਦੇ ਵਿਕਾਸ ਨੇ ਕਈ ਤਰ੍ਹਾਂ ਦੀਆਂ ਟੋਲਿੰਗ ਪ੍ਰਣਾਲੀਆਂ ਨੂੰ ਜਨਮ ਦਿੱਤਾ ਹੈ। ਇਹ ਪ੍ਰਣਾਲੀਆਂ ਮੁੱਖ ਤੌਰ 'ਤੇ ਹਰੇਕ ਮੋਟਰ ਰਸਤਿਆਂ ਨੂੰ ਵਿਕਸਤ ਕਰਨ ਲਈ ਫੰਡਿੰਗ ਲੋੜਾਂ ਦੁਆਰਾ ਨਿਰਧਾਰਤ ਕੀਤੀਆਂ ਗਈਆਂ ਹਨ।
- "ਟ੍ਰਾਂਸ-ਅਰਬਨ ਗਾਹਕਾਂ ਲਈ ਇੱਕ ਸਰਲ ਅਤੇ ਵਧੇਰੇ ਪਾਰਦਰਸ਼ੀ ਪ੍ਰਣਾਲੀ ਬਣਾਉਣ ਲਈ, ਅਤੇ ਇੱਕ ਜੋ ਇੱਕ ਵਧੇਰੇ ਕੁਸ਼ਲ ਸੜਕ ਨੈੱਟਵਰਕ ਨੂੰ ਪ੍ਰਾਪਤ ਕਰਨ ਲਈ ਸਿਡਨੀ ਦੇ ਟੋਲ ਰੋਡ ਨੈੱਟਵਰਕ ਵਿੱਚ ਕੀਮਤਾਂ ਦੀ ਅਸਮਾਨਤਾਵਾਂ ਨੂੰ ਹੱਲ ਕਰਨ ਲਈ NSW ਸਰਕਾਰ ਨਾਲ ਕੰਮ ਕਰਨ ਦਾ ਇੱਕ ਮੌਕਾ ਵੇਖਦਾ ਹੈ।"

### ਐਸੋਸੀਏਸ਼ਨਾਂ ਅਤੇ ਮੈਂਬਰ ਸੰਸਥਾਵਾਂ

ਮਨੋਰੰਜਨ

- NSW ਦਾ BMW ਟੂਰਿੰਗ ਕਲੱਬ
- ਕੈਂਪਰਵੈਨ ਅਤੇ ਮੋਟਰਹੋਮ ਕਲੱਬ ਆਫ਼ ਆਸਟ੍ਰੇਲੀਆ
- ਨੈਸ਼ਨਲ ਐਸੋਸੀਏਸ਼ਨ ਆਫ ਕੈਰਾਵੈਨ ਕਲੱਬਜ਼
- NSW ਦੀ ਮੋਟਰਸਾਈਕਲ ਕੌਂਸਲ

ਹੋਰ

- NRMA
- ਜਨਤਕ ਆਵਾਜਾਈ ਲਈ ਕਾਰਵਾਈ
- ਬਿਜ਼ਨੈੱਸ NSW
- ਬੱਸ NSW
- ਈਪਿੰਗ ਸਿਵਿਕ ਟਰੱਸਟ
- ਟ੍ਰਾਂਸਪੋਰਟ ਵਰਕਰਜ਼ ਯੂਨੀਅਨ ਆਫ਼ NSW

ਇਸ ਸਮੀਖਿਆ ਨੂੰ ਇੱਕ ਟਰੇਡ ਯੂਨੀਅਨ ਸਮੇਤ ਚਾਰ ਮਨੋਰੰਜਕ ਐਸੋਸੀਏਸ਼ਨਾਂ ਅਤੇ ਛੇ ਹੋਰ ਐਸੋਸੀਏਸ਼ਨਾਂ/ਮੈਂਬਰ ਸੰਸਥਾਵਾਂ ਤੋਂ ਰਾਏ-ਸੁਝਾਅ ਦੀਆਂ ਬੇਨਤੀਆਂ ਪ੍ਰਾਪਤ ਹੋਈਆਂ।

ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਦਲੀਲ ਦਿੱਤੀ ਗਈ ਹੈ ਕਿ ਕੀਮਤ ਤੈਅ ਕਰਨ ਦੀਆਂ ਸ਼ਰਤਾਂ ਬਾਰੇ ਪਾਰਦਰਸ਼ਤਾ ਦੀ ਘਾਟ ਹੈ। ਉਹਨਾਂ ਨੇ ਧਿਆਨ ਵਿੱਚ ਕੀਤਾ ਕਿ ਦੂਰੀ-ਅਧਾਰਿਤ ਟੋਲ ਅਤੇ ਦਿਨ ਦੇ ਸਮੇਂ ਅਨੁਸਾਰ ਕੀਮਤ ਰੱਖਣ ਨਾਲ-ਨਾਲ ਇੱਕ ਵਿਆਪਕ ਉਪਭੋਗਤਾ ਭੁਗਤਾਨ

ਮਾਡਲ ਜੋ ਇਹ ਦਰਸਾਉਂਦਾ ਹੋਵੇ ਕਿ ਕਦੋਂ ਅਤੇ ਕਿੱਥੇ ਭੀੜ ਪੈਦਾ ਹੁੰਦੀ ਹੈ ਟੋਲ ਦੇਣ ਸੰਬੰਧੀ ਨਿਰਪੱਖਤਾ ਵਿੱਚ ਸੁਧਾਰ ਕਰਨ ਵਿੱਚ ਮੱਦਦ ਕਰ ਸਕਦਾ ਹੈ।

ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਸਾਰੀਆਂ ਟੋਲ ਸੜਕਾਂ 'ਤੇ ਸੰਕੇਤਾਂ ਨੂੰ ਬਿਹਤਰ ਬਣਾਉਣ ਦਾ ਸਮਰਥਨ ਕੀਤਾ - ਦੋਵੇਂ ਕੀਮਤਾਂ ਅਤੇ ਸੰਭਾਵਿਤ ਦੇਰੀ ਜਾਂ ਖ਼ਤਰਿਆਂ ਦੇ ਸੰਬੰਧ ਵਿੱਚ - ਤਾਂ ਜੋ ਵਾਹਨ ਚਾਲਕ ਟੋਲ ਸੜਕਾਂ ਦੀ ਵਰਤੋਂ ਕਰਨ ਜਾਂ ਪ੍ਰਹੇਜ਼ ਕਰਨ ਬਾਰੇ ਵਧੇਰੇ ਸੂਚਿਤ ਫ਼ੈਸਲੇ ਲੈ ਸਕਣ।

ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਨੋਟ ਕੀਤਾ ਗਿਆ ਹੈ ਕਿ NSW ਵਿੱਚ ਬੱਸਾਂ ਅਤੇ ਕੋਚਾਂ ਲਈ ਵੀ ਟਰੱਕਾਂ ਜਿੰਨੇ ਹੀ ਖ਼ਰਚੇ ਲਾਗੂ ਹਨ, ਜੋ ਕਾਰਾਂ ਤੋਂ ਲਈ ਜਾਂਦੀ ਰਕਮ ਦਾ ਤਿੰਨ ਗੁਣਾ ਭੁਗਤਾਨ ਕਰਦੇ ਹਨ। ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਦਲੀਲ ਦਿੱਤੀ ਕਿ ਟੋਲ ਕੀਮਤਾਂ ਨੂੰ ਬੱਸਾਂ ਅਤੇ ਟਰੱਕਾਂ ਦੁਆਰਾ ਕੀਤੇ ਜਾਂਦੇ ਕੰਮਾਂ ਵਿੱਚ ਅੰਤਰ ਨੂੰ ਬਿਹਤਰ ਢੰਗ ਨਾਲ ਪਛਾਣਨਾ ਚਾਹੀਦਾ ਹੈ ਅਤੇ ਉਹਨਾਂ ਬੱਸਾਂ ਲਈ ਟੋਲ ਨੂੰ ਪੂਰੀ ਤਰ੍ਹਾਂ ਹਟਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ ਜੋ ਆਮ ਯਾਤਰੀ ਅਤੇ ਸਕੂਲ ਸੇਵਾਵਾਂ ਦੇ ਨਾਲ-ਨਾਲ ਰੇਲ ਲਈ ਬਦਲ ਵਜੋਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ।

ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਨਵੀਆਂ ਵਾਹਨ ਕਲਾਸਾਂ ਦੀ ਸ਼ੁਰੂਆਤ ਕਰਨ ਲਈ ਵੀ ਦਲੀਲ ਦਿੱਤੀ ਗਈ ਸੀ, ਜੋ ਵਾਹਨ ਦੀ ਕਿਸਮ, ਮਾਪ ਅਤੇ ਭਾਰ ਨੂੰ ਬਿਹਤਰ ਢੰਗ ਨਾਲ ਧਿਆਨ ਵਿੱਚ ਰੱਖਦੀਆਂ ਹਨ। ਇਨ੍ਹਾਂ ਬੇਨਤੀਆਂ ਵਿੱਚ ਨੋਟ ਕੀਤਾ ਗਿਆ ਹੈ ਕਿ ਮੌਜੂਦਾ ਟੋਲਿੰਗ ਪ੍ਰਣਾਲੀ ਖ਼ਾਸ ਤੌਰ 'ਤੇ ਮੋਟਰਸਾਈਕਲ ਸਵਾਰਾਂ ਲਈ ਬੇਇਨਸਾਫ਼ੀ ਵਾਲੀ ਹੈ, ਜਿਨ੍ਹਾਂ ਤੋਂ ਨਿਯਮਤ ਕਾਰਾਂ ਵਾਂਗ ਹੀ ਚਾਰਜ ਕੀਤਾ ਜਾਂਦਾ ਹੈ।

ਭਾਰੀ ਵਾਹਨਾਂ ਜਿਵੇਂ ਕਿ ਟਰੱਕ ਦੇ ਸੰਬੰਧ ਵਿੱਚ, ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਮੌਜੂਦਾ ਕੀਮਤ ਗੁਣਕ ਦੀ ਇੱਕ ਸਮੁੱਚੀ ਸਮੀਖਿਆ ਕਰਨ ਦਾ ਸੁਝਾਅ ਦਿੱਤਾ ਹੈ। ਉਹਨਾਂ ਨੇ ਦਲੀਲ ਦਿੱਤੀ ਕਿ ਟ੍ਰਾਂਸਪੋਰਟ ਉਦਯੋਗ ਵਿੱਚ ਕੰਟਰੈਕਟ ਕੈਰੀਅਰ ਅਤੇ ਛੋਟੇ ਕਾਰੋਬਾਰੀ ਆਪਰੇਟਰ ਮੌਜੂਦਾ ਗੁਣਕਾਂ ਦੁਆਰਾ ਵਿਸ਼ੇਸ਼ ਤੌਰ 'ਤੇ ਨਾਵਾਜਿਬ ਢੰਗ ਨਾਲ ਪ੍ਰਭਾਵਿਤ ਹੁੰਦੇ ਹਨ।

ਇਨ੍ਹਾਂ ਬੇਨਤੀਆਂ ਨੇ ਧਿਆਨ ਵਿੱਚ ਲਿਆਂਦਾ ਹੈ ਕਿ ਮੌਜੂਦਾ ਟੋਲ ਕੀਮਤ ਦੀ ਪ੍ਰਣਾਲੀ ਉੱਤਰ ਪੱਛਮੀ ਜਾਂ ਪੂਰਬੀ ਸਿਡਨੀ ਦੇ ਲੋਕਾਂ ਦੇ ਮੁਕਾਬਲੇ ਪੱਛਮੀ ਸਿਡਨੀ ਦੇ ਨਿਵਾਸੀਆਂ ਨੂੰ ਅਣਮੇਲਵੇਂ ਢੰਗ ਨਾਲ ਪ੍ਰਭਾਵਿਤ ਕਰਦੀ ਹੈ। ਉਹਨਾਂ ਨੇ ਦਲੀਲ ਦਿੱਤੀ ਕਿ ਛੋਟਾਂ ਅਤੇ ਕਟੌਤੀਆਂ ਸਮੇਤ ਤਦ-ਅਰਥੀ ਪਹਿਲਕਦਮੀਆਂ ਰਾਹੀਂ ਕੀਮਤਾਂ ਦੀ ਬੇਅਸੂਲਪਣ ਨੂੰ ਦੂਰ ਕਰਨ ਦੀਆਂ ਪਿਛਲੀਆਂ ਕੋਸ਼ਿਸ਼ਾਂ ਨੇ ਲੋੜੀਂਦੀ ਰਾਹਤ ਪ੍ਰਦਾਨ ਨਹੀਂ ਕੀਤੀ ਹੈ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

NRMA

- "NRMA ਦੇ 10 ਪ੍ਰਤੀਸ਼ਤ ਤੋਂ ਘੱਟ ਮੈਂਬਰ ਸਮਝਦੇ ਹਨ ਕਿ ਟੋਲ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ।"
- "ਮੁੱਖ ਤੌਰ 'ਤੇ ਭੂਗੋਲਿਕ ਸਥਿਤੀ ਦੇ ਕਾਰਨ, ਵੈਸਟਰਨ ਸਿਡਨੀ ... ਸਾਊਥ-ਵੈਸਟ, ਨੋਰਥ-ਵੈਸਟ ਅਤੇ ਬਲੂ ਮਾਉਂਟੇਨ ਵਿਚਲੇ NRMA ਮੈਂਬਰ ਟੋਲ ਸੜਕਾਂ ਦੁਆਰਾ ਸਭ ਤੋਂ ਵੱਧ ਨੁਕਸਾਨ ਵਿੱਚ ਰਹਿੰਦੇ ਮਹਿਸੂਸ ਕਰਦੇ ਹਨ।"
- "ਮੌਜੂਦਾ ਕੀਮਤਾਂ ਦੇ ਢਾਂਚੇ ਨੂੰ ਦੇਖਦੇ ਹੋਏ, ਵੈਸਟਰਨ ਸਿਡਨੀ ਵਿੱਚ ਮੈਂਬਰ ਕਿਸੇ ਹੋਰ ਖੇਤਰ ਦੇ ਮੁਕਾਬਲੇ ਟੋਲ ਸੜਕਾਂ ਦੀ ਵਰਤੋਂ ਕਰਨ ਤੋਂ ਬਚਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ।"

ਟਰਾਂਸਪੋਰਟ ਵਰਕਰਜ਼ ਯੂਨੀਅਨ ਆਫ਼ NSW (TWU)

- "ਛੋਟੇ ਕਾਰੋਬਾਰਾਂ ਵੱਲੋਂ ਸਾਹਮਣਾ ਕੀਤੇ ਜਾਂਦੇ 'ਬੋਝ'... ਭਾਰੀ ਵਾਹਨਾਂ 'ਤੇ ਲਾਗੂ ਹੋਣ ਵਾਲੇ ਟੋਲ ਚਾਰਜ ਦੀ ਉੱਚ ਕੀਮਤ, ਜਿਸ ਮਾਤਰਾ ਅਤੇ ਗਿਣਤੀ ਵਿੱਚ ਭਾਰੀ ਵਾਹਨ ਚਾਲਕਾਂ ਨੂੰ ਟੋਲ ਸੜਕਾਂ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ, ਅਤੇ ... ਰੋਜ਼ਾਨਾ ਟੋਲ ਚਾਰਜ ਕੈਪ ਦੀ ਘਾਟ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ। "

- “ਉਦਯੋਗ ਵਿੱਚ ਢੋ-ਢੁਆਈ ਦਾ ਕੰਮ ਕਰਨ ਵਾਲੇ ਠੇਕੇਦਾਰ ਅਤੇ ਛੋਟੇ ਕਾਰੋਬਾਰੀ ਮਾਲਕਾਂ ਨੇ ਜ਼ਾਹਰ ਕੀਤਾ ਹੈ ਕਿ ਉਹਨਾਂ ਨੂੰ ਅਕਸਰ ‘ਇਸ ਕੰਮ ਨੂੰ ਤਿਆਗ ਦੇਣ’ ਦੇ ਵਿਚਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ… ਕਿਉਂਕਿ ਦਿਨ-ਬ-ਦਿਨ ਪੱਕੇ ਤੌਰ ‘ਤੇ ਕੰਮ ਕਰਨਾ ਵਧੇਰੇ ਮੁਸ਼ਕਲ ਹੁੰਦਾ ਜਾ ਰਿਹਾ ਹੈ।”
- “… [ਭਾਰੀ ਵਾਹਨ] ਗੁਣਕ ਨੂੰ ਕਿਵੇਂ ਨਿਰਧਾਰਤ ਕੀਤਾ ਜਾਂਦਾ ਹੈ ਇਸ ਵਿੱਚ ਪਾਰਦਰਸ਼ਤਾ ਜ਼ਰੂਰੀ ਹੈ। ਵਰਤਮਾਨ ਵਿੱਚ, ਇਸ ਬਾਰੇ ਕੋਈ ਪਾਰਦਰਸ਼ਤਾ ਨਹੀਂ ਹੈ ਕਿ ਟੋਲ ਰੋਡ ਦਰਾਂ ਨੂੰ ਨਿਰਧਾਰਤ ਕਰਦੇ ਸਮੇਂ ਕਿਹੜੀ ਵਿਧੀ, ਮਾਤਰਾਤਮਕ ਜਾਂ ਗੁਣਾਤਮਕ ਡੇਟਾ ਨੂੰ ਵਿਚਾਰਿਆ ਜਾਂਦਾ ਹੈ।"
- “TWU ਭਾਰੀ ਵਾਹਨ ਗੁਣਕਾਂ ਲਈ 'ਸੋਧ' ਕੀਤੇ ਜਾਣ ਦਾ ਸਮਰਥਨ ਕਰਦਾ ਹੈ। ਹਾਲਾਂਕਿ, ਇਹ ਸਮਰਥਨ ਇਸ ਵਿਸ਼ਵਾਸ ਤੋਂ ਨਹੀਂ ਆਉਂਦਾ ਹੈ ਕਿ ਕੀਮਤ ਵਧਾਉਣੀ ਜ਼ਰੂਰੀ ਹੈ, ਸਗੋਂ ਕੁੱਝ ਕਿਸਮ ਦੇ ਭਾਰੀ ਵਾਹਨਾਂ ਲਈ ਗੁਣਕ ਨੂੰ ਘਟਾਓ।

### ਚੈਂਬਰਜ਼ ਆਫ਼ ਕਾਮਰਸ

- ਬੇਕਸਲੇ ਚੈਂਬਰ ਆਫ਼ ਕਾਮਰਸ
- ਕੈਂਟਰਬਰੀ ਬੈਂਕਸਟਾਊਨ ਚੈਂਬਰ ਆਫ਼ ਕਾਮਰਸ

ਇਸ ਸਮੀਖਿਆ ਨੂੰ ਦੋ ਕਾਮਰਸ ਆਫ਼ ਚੈਂਬਰਾਂ ਤੋਂ ਰਾਏ-ਸੁਝਾਅ ਦੀਆਂ ਬੇਨਤੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਬੇਨਤੀਆਂ ਵਿੱਚ ਮੌਜੂਦਾ ਟੋਲ ਕੀਮਤ ਪ੍ਰਣਾਲੀ ਵਿਚਲੀਆਂ ਕਮੀਆਂ ਨੂੰ ਧਿਆਨ ਵਿੱਚ ਲਿਆਂਦਾ ਗਿਆ ਹੈ। ਉਨ੍ਹਾਂ ਨੇ ਕੁਸ਼ਲ ਸੜਕ ਪ੍ਰਣਾਲੀਆਂ ਦੇ ਆਰਥਿਕ ਮਹੱਤਵ ਦੀ ਰੂਪਰੇਖਾ ਬਾਰੇ ਦੱਸਿਆ ਅਤੇ ਸੜਕ ਉਪਭੋਗਤਾ ਉਤਪਾਦਕਤਾ ਨੂੰ ਬਿਹਤਰ ਬਣਾਉਣ ਲਈ ਕਾਰਵਾਈਆਂ ਕਰਨ ਦੀ ਲੋੜ ਦੀ ਵਕਾਲਤ ਕੀਤੀ।

ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਉਹਨਾਂ ਪ੍ਰਭਾਵਾਂ ਦੀ ਰੂਪਰੇਖਾ ਦਿੱਤੀ ਹੈ ਜੋ ਟੋਲ ਵਾਲੀਆਂ ਸੜਕਾਂ ਵੱਲੋਂ ਸਥਾਨਕ ਸੜਕਾਂ ਅਤੇ ਪ੍ਰਮੁੱਖ ਕਸਬੇ ਕੇਂਦਰਾਂ 'ਤੇ ਪੈ ਰਹੇ ਹਨ, ਜਿਸ ਵਿੱਚ ਰੁਕਾਵਟਾਂ ਅਤੇ ਆਵਾਜਾਈ ਦੀ ਭੀੜ ਸ਼ਾਮਲ ਹੈ। ਉਨ੍ਹਾਂ ਨੇ ਖ਼ਾਸ ਤੌਰ 'ਤੇ ਇਹ ਦਲੀਲ ਦਿੱਤੀ ਕਿ M8 ਦੇ ਹਾਲ ਹੀ ਵਿੱਚ ਖੁੱਲਣ ਨਾਲ ਬੇਕਸਲੇ ਖੇਤਰ ਵਿੱਚ ਸੜਕ ਸਥਿਤੀ ਹੋਰ ਵਿਗੜ ਗਈ ਹੈ ਕਿਉਂਕਿ ਸੜਕ ਉਪਭੋਗਤਾ ਮੁਫ਼ਤ ਵਿਕਲਪਕ ਰੂਟਾਂ ਦੀ ਭਾਲ ਕਰ ਰਹੇ ਹਨ।

ਟੋਲ ਕੀਮਤ ਦੇ ਸੰਬੰਧ ਵਿੱਚ, ਇਹਨਾਂ ਸਬਮਿਸ਼ਨਾਂ ਵਿੱਚ ਆਫ਼-ਪੀਕ ਸਮੇਂ ਦੌਰਾਨ ਡਰਾਈਵਿੰਗ ਨੂੰ ਉਤਸ਼ਾਹਿਤ ਕਰਨ ਲਈ ਭਾਰੀ ਵਾਹਨਾਂ ਲਈ ਦਿਨ ਦੇ ਸਮੇਂ ਮੁਤਾਬਕ ਟੋਲ ਲਗਾਉਣ ਦੇ ਉਪਾਵਾਂ ਲਈ ਦਲੀਲ ਦਿੱਤੀ ਗਈ ਸੀ। ਇਹ ਸੜਕ ਦੀ ਕਾਰਗੁਜ਼ਾਰੀ ਨੂੰ ਢੁੱਕਵਾਂ ਕਰੇਗਾ, ਸਥਾਨਕ ਭਾਈਚਾਰਿਆਂ ਵਿੱਚ ਪੈਂਦੀ ਰੁਕਾਵਟ ਘਟਾਏਗਾ ਅਤੇ ਲਾਗਤ ਬੱਚਤ ਪੈਦਾ ਕਰੇਗਾ ਜੋ ਕਮਿਊਨਿਟੀ ਨੂੰ ਅੱਗੇ ਪਾਸ ਕੀਤੇ ਜਾਣਗੇ - ਉਦਾਹਰਨ ਲਈ, ਵਸਤੂਆਂ ਲਈ ਘੱਟ ਡਿਲੀਵਰੀ ਖ਼ਰਚੇ ਵਿੱਚ।

### ਬੰਦਰਗਾਹਾਂ, ਟਰੱਕਿੰਗ ਗਰੁੱਪ ਅਤੇ ਕਾਰੋਬਾਰ

- ਆਸਟ੍ਰੇਲੀਅਨ ਲੌਜਿਸਟਿਕਸ ਕੌਂਸਲ
- ਫ਼ਰੈਸ਼ਮਾਰਕ
- ਨੈਸ਼ਨਲ ਰੋਡ ਟਰਾਂਸਪੋਰਟ ਐਸੋਸੀਏਸ਼ਨ
- NSW ਪੋਰਟ
- ਰੋਡ ਫ੍ਰੇਟ NSW

ਇਸ ਸਮੀਖਿਆ ਨੂੰ ਬੰਦਰਗਾਹਾਂ, ਟਰੱਕਿੰਗ ਸਮੂਹਾਂ ਅਤੇ ਕਾਰੋਬਾਰਾਂ ਤੋਂ ਪੰਜ ਰਾਏ-ਸੁਝਾਅ ਦੀਆਂ ਬੇਨਤੀਆਂ ਪ੍ਰਾਪਤ ਹੋਈਆਂ ਹਨ।

ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ ਲਿਖਿਆ ਗਿਆ ਹੈ ਕਿ ਕੁੱਲ ਮਿਲਾ ਕੇ, NSW ਵਿੱਚ ਟੋਲ ਬਹੁਤ ਮਹਿੰਗੇ ਹਨ। ਰਾਏ-ਸੁਝਾਅ ਦੀਆਂ ਬੇਨਤੀਆਂ ਖ਼ਾਸ ਤੌਰ 'ਤੇ ਭਾਰੀ ਵਾਹਨਾਂ ਲਈ ਟੋਲਿੰਗ ਪ੍ਰਣਾਲੀ ਦੀ ਨਿਰਪੱਖਤਾ ਅਤੇ ਸ਼ੁੱਧਤਾ ਬਾਰੇ ਚਿੰਤਤ ਸਨ, ਅਤੇ ਆਮ ਤੌਰ 'ਤੇ ਕੀਮਤ ਤੈਅ ਕਰਨ ਅਤੇ ਟੋਲ ਮਾਲੀਏ ਦੀ ਵਰਤੋਂ ਕਰਨ ਦੇ ਸੰਬੰਧ ਵਿੱਚ ਵਧੇਰੇ ਪਾਰਦਰਸ਼ਤਾ ਲਈ ਵਕਾਲਤ ਕੀਤੀ ਗਈ ਸੀ।

ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਸੁਝਾਅ ਦਿੱਤਾ ਕਿ NSW ਟੋਲ ਸੜਕਾਂ 'ਤੇ ਪੀਕ ਅਤੇ ਆਫ਼-ਪੀਕ ਸਮੇਂ ਅਨੁਸਾਰ ਕੀਮਤ ਨੂੰ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ, ਇਹ ਨੋਟ ਕਰਦੇ ਹੋਏ ਕਿ ਅਜਿਹੇ ਪ੍ਰਬੰਧਾਂ ਨੂੰ ਧਿਆਨ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹਨਾਂ ਦਾ ਮਾਲ ਅਤੇ ਟਰੱਕਿੰਗ ਉਦਯੋਗ 'ਤੇ ਨਕਾਰਾਤਮਕ ਪ੍ਰਭਾਵ ਨਾ ਪਵੇ।

ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਧਿਆਨ ਵਿੱਚ ਲਿਆਂਦਾ ਹੈ ਕਿ NSW ਟੋਲਿੰਗ ਪ੍ਰਣਾਲੀ ਦੇ ਤਹਿਤ, ਵਪਾਰਕ ਓਪਰੇਟਰ ਨਿੱਜੀ ਵਾਹਨਾਂ ਨੂੰ ਦਿੱਤੀ ਜਾਂਦੀ ਟੋਲ ਰਾਹਤ ਜਾਂ ਰਿਆਇਤੀ ਦਰਾਂ ਤੱਕ ਪਹੁੰਚ ਕਰਨ ਦੇ ਯੋਗ ਨਹੀਂ ਹਨ।

ਇੱਕ ਰਾਏ-ਸੁਝਾਅ ਦੀ ਬੇਨਤੀ ਵਿੱਚ ਸਿਫ਼ਾਰਸ਼ ਕੀਤੀ ਗਈ ਹੈ ਕਿ ਨਵੇਂ ਟੋਲ ਕੀਮਤ ਪ੍ਰਬੰਧਾਂ ਅਤੇ ਰਿਆਇਤਾਂ ਦਾ ਮੁਲਾਂਕਣ ਕਰਨ ਅਤੇ ਮੰਨਜ਼ੂਰੀ ਦੇਣ ਲਈ ਇੱਕ ਨਿਰਪੱਖ ਰੈਗੂਲੇਟਰ ਦੀ ਸਥਾਪਨਾ ਕੀਤੀ ਜਾਵੇ। ਇੱਕ ਹੋਰ ਨੇ ਸੁਝਾਅ ਦਿੱਤਾ ਕਿ ਇੱਕ ਨਵੀਂ ਟੋਲ ਕੀਮਤ ਪ੍ਰਣਾਲੀ ਵਿੱਚ ਘੱਟ ਗੈਸ ਨਿਕਾਸ ਵਾਲੇ ਵਾਹਨਾਂ ਨੂੰ ਪੂਰੀ ਤਰ੍ਹਾਂ ਛੋਟ ਜਾਂ ਕੁੱਝ ਛੋਟ ਪ੍ਰਦਾਨ ਕਰਨੀ ਚਾਹੀਦੀ ਹੈ।

NSW ਪੋਰਟਸ ਨੇ ਸਪਲਾਈ ਚੇਨਾਂ ਅਤੇ ਆਸਟ੍ਰੇਲੀਆ ਦੇ ਅੰਤਰਰਾਸ਼ਟਰੀ ਵਪਾਰ ਦੇ ਵਿਆਪਕ ਸੰਦਰਭ ਵਿੱਚ ਇੱਕ ਮਜ਼ਬੂਤ NSW ਮੋਟਰ ਰਸਤਿਆਂ ਦੇ ਨੈੱਟਵਰਕ ਦੀ ਮਹੱਤਤਾ ਨੂੰ ਧਿਆਨ ਵਿੱਚ ਲਿਆਂਦਾ ਹੈ। ਇਹ ਰਾਏ-ਸੁਝਾਅ ਦੀ ਬੇਨਤੀ ਮੁੱਖ ਤੌਰ 'ਤੇ ਭਾਰੀ ਵਾਹਨਾਂ ਦੇ ਸੰਬੰਧ ਵਿੱਚ ਟੋਲਿੰਗ ਪ੍ਰਣਾਲੀ ਵਿੱਚ ਲੋੜੀਂਦੇ ਸੁਧਾਰਾਂ 'ਤੇ ਕੇਂਦਰਿਤ ਹੈ। ਇਸ ਨੇ ਆਫ਼-ਪੀਕ ਸਮੇਂ ਵਿੱਚ ਮੌਜੂਦਾ ਭਾਰੀ ਵਾਹਨ ਗੁਣਕ ਨੂੰ ਘਟਾਉਣ ਦਾ ਸਮਰਥਨ ਕੀਤਾ ਹੈ।

## ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

ਆਸਟ੍ਰੇਲੀਅਨ ਲੌਜਿਸਟਿਕਸ ਕੌਂਸਲ

- "ਭਾੜੇ ਉੱਤੇ ਸਮਾਂ ਦੀ ਢੋ-ਢੁਆਈ ਵਾਲੇ ਕਾਰੋਬਾਰ (ਫ੍ਰੇਟ ਲੌਜਿਸਟਿਕਸ) ਉੱਤੇ ਸਿਡਨੀ ਦੇ ਟੋਲ ਲੱਗਣ ਦੀਆਂ ਕੀਮਤਾਂ ਦਾ ਪ੍ਰਭਾਵ ਉਦਯੋਗ ਲਈ ਵਧ ਰਹੀ ਚਿੰਤਾ ਦਾ ਵਿਸ਼ਾ ਹੈ; ਸਿਡਨੀ ਵਿੱਚ ਟੋਲਿੰਗ ਸਿਸਟਮ ਖੰਡਿਤ ਹੈ, ਲਾਗਤਾਂ ਉੱਚੀਆਂ ਅਤੇ ਬਦਲਣਸ਼ੀਲ ਹਨ, ਅਤੇ ਟੋਲ ਵਾਲੀਆਂ ਸੜਕਾਂ ਦੇ ਵਿਚਕਾਰ ਢਾਂਚਾਗਤ ਸੰਪਰਕਤਾ ਦੀ ਘਾਟ ਹੈ। ਇਸ ਤੋਂ ਇਲਾਵਾ ਭੀੜ-ਭੜੱਕੇ ਕਾਰਨ ਲਾਗਤਾਂ ਵੱਧਦੀਆਂ ਹਨ ਜੋ ਵਪਾਰਕ ਗਾਹਕਾਂ ਅਤੇ ਖ਼ਪਤਕਾਰਾਂ 'ਤੇ ਨਹੀਂ ਪਾਈਆਂ ਜਾ ਸਕਦੀਆਂ, ਭਰੋਸੇਯੋਗਤਾ ਦੀ ਕਮੀ, ਕੁਸ਼ਲਤਾ ਵਿੱਚ ਕਮੀ ਅਤੇ ਉਤਪਾਦਕਤਾ ਲਾਭ ਲਈ ਕੋਈ ਮੌਕਾ ਨਹੀਂ ਹੈ।

- "ਹਾਲਾਂਕਿ ਟੋਲ ਰਾਹੀਂ ਫ਼ੰਡ ਕੀਤੀਆਂ ਜਾਂਦੀਆਂ ਨਵੀਆਂ ਸੜਕਾਂ ਅਕਸਰ ਉਤਪਾਦਕਤਾ ਵਧਾਉਣ ਦਾ ਵਾਅਦਾ ਕਰਦੀਆਂ ਹਨ, ਉਹ ਅਕਸਰ ਇਹਨਾਂ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਅਸਫ਼ਲ ਰਹਿੰਦੀਆਂ ਹਨ, ਜਿਸ ਨਾਲ ਉਦਯੋਗ ਨੂੰ ਵਾਧੂ ਲਾਗਤਾਂ ਅਤੇ ਘੱਟ ਲਾਭ ਦਾ ਬੋਝ ਪੈਂਦਾ ਹੈ (ਜੇ ਕੋਈ ਲਾਭ ਹੈ ਤਾਂ)।"
- "ਤੈਅਸ਼ੁਦਾ ਇਕਰਾਰਨਾਮੇ ਦੀਆਂ ਕੀਮਤਾਂ ਅਤੇ ਬਹੁਤ ਜ਼ਿਆਦਾ ਮੁਕਾਬਲੇ ਦਾ ਬਾਜ਼ਾਰ ਹੋਣ ਦੇ ਕਾਰਨ ਟ੍ਰਾਂਸਪੋਰਟ ਓਪਰੇਟਰਾਂ ਲਈ ਟੋਲ ਦੇ ਖ਼ਰਚਿਆਂ ਦਾ ਵਿੱਤੀ ਬੋਝ ਆਪਣੇ ਗਾਹਕਾਂ ਤੱਕ ਪਹੁੰਚਾਉਣਾ ਚੁਣੌਤੀਪੂਰਨ ਹੈ।"

ਨੈਸ਼ਨਲ ਰੋਡ ਟਰਾਂਸਪੋਰਟ ਐਸੋਸੀਏਸ਼ਨ

- “ਉਪਭੋਗਤਾ ਕੀਮਤ, ਭਾਰੀ ਵਾਹਨ ਟੋਲ ਅਤੇ ਟਰੱਕ ਟੋਲ ਗੁਣਕ ਨੂੰ ਤੈਅ ਕਰਨ ਦੀ ਮੌਜੂਦਾ ਪਹੁੰਚ ਦੇ ਤਹਿਤ...ਇੱਕ ਰਹਿਣ ਯੋਗ, ਉਤਪਾਦਕ ਅਤੇ ਗਲੋਬਲ ਸਿਡਨੀ ਬਣਾਉਣ ਵਿੱਚ ਆਪਣੀ ਜਨਤਕ ਭੂਮਿਕਾ ਨਿਭਾਉਣ ਲਈ ਮੋਟਰ ਰਸਤਿਆਂ ਦੇ ਨੈੱਟਵਰਕ ਦੀ ਸਮਰੱਥਾ ਉੱਤੇ ਗੰਭੀਰ ਨਕਾਰਾਤਮਕ ਪ੍ਰਭਾਵ ਪਿਆ ਹੈ।”
- “ਘੱਟ ਅਤੇ ਜ਼ੀਰੋ ਗੈਸ ਨਿਕਾਸ ਵਾਲੇ ਵਾਹਨਾਂ ਲਈ ਨਵੇਂ, ਘੱਟ ਟੋਲ ਦੀ ਸ਼ੁਰੂਆਤ ਇਹਨਾਂ ਵਾਹਨਾਂ ਦੀ ਮਾਲਕੀ ਦੀ ਕੁੱਲ ਲਾਗਤ ਵਿੱਚ ਸੁਧਾਰ ਕਰਕੇ ਇਹਨਾਂ ਦੇ ਲੈਣ ਵਿੱਚ ਤੇਜ਼ੀ ਲਿਆਵੇਗੀ। ਇਹ ਸ਼ਹਿਰੀ ਹਵਾ ਦੀ ਗੁਣਵੱਤਾ (ਹਾਨੀਕਾਰਕ ਨਿਕਾਸ) ਨੂੰ ਸੁਧਾਰਨ ਅਤੇ ਸ਼ੁੱਧ ਜ਼ੀਰੋ ਕਾਰਬਨ ਨਿਕਾਸ ਨੂੰ ਪ੍ਰਾਪਤ ਕਰਨ ਦੇ ਜਨਤਕ ਨਤੀਜਿਆਂ ਨੂੰ ਤੇਜ਼ ਕਰੇਗਾ।"
- “ਕਿਸੇ ਸੰਭਾਵੀ ਸਿਡਨੀ CBD ਕੰਜੈਸ਼ਨ ਚਾਰਜ ਜ਼ੋਨ 'ਤੇ ਵਿਚਾਰ ਕਰਨ ਤੋਂ ਪਹਿਲਾਂ, ਜਿਵੇਂ ਕਿ ਚਰਚਾ ਪੇਪਰ ਵਿੱਚ ਮੁੱਦਾ ਉਠਾਇਆ ਗਿਆ ਹੈ, NSW ਸਰਕਾਰ ਨੂੰ ਪਹਿਲਾਂ ਭਾਰੀ ਵਾਹਨਾਂ ਤੋਂ ਟੋਲ ਲੈ ਕੇ ਹਲਕੇ ਵਾਹਨਾਂ ਨੂੰ ਸਬਸਿਡੀ ਦੇਣ ਦੀ ਪ੍ਰਥਾ ਨੂੰ ਖ਼ਤਮ ਕਰਨਾ ਚਾਹੀਦਾ ਹੈ ਅਤੇ ਭਾਰੀ ਵਾਹਨਾਂ ਦੇ ਟੋਲ ਗੁਣਕ ਨੂੰ ਹਲਕੇ ਵਾਹਨਾਂ ਦੇ ਟੋਲ ਤੋਂ ਦੋ ਗੁਣਾ ਦੀ ਸੀਮਾ ਤੱਕ ਘਟਾ ਦੇਣਾ ਚਾਹੀਦਾ ਹੈ।"

NSW ਪੋਰਟ

- “ਟਰੱਕ ਟੋਲ ਗੁਣਕਾਂ ਨੂੰ ਉੱਚ ਉਤਪਾਦਕਤਾ ਵਾਲੇ ਵਾਹਨਾਂ ਦੀ ਵਰਤੋਂ ਲਈ ਸਹੀ ਪ੍ਰੋਤਸਾਹਨ ਪ੍ਰਦਾਨ ਕਰਨ ਦੀ ਲੋੜ ਹੁੰਦੀ ਹੈ। ਭਾਰੀ ਵਾਹਨਾਂ ਲਈ ਕੁਸ਼ਲ ਟੋਲਿੰਗ ਪ੍ਰਣਾਲੀ ਹੋਣਾ ਇਹ ਯਕੀਨੀ ਬਣਾਉਣ ਲਈ ਮਹੱਤਵਪੂਰਨ ਹੈ ਕਿ ਜ਼ਮੀਨੀ ਆਵਾਜਾਈ ਦੀਆਂ ਲਾਗਤਾਂ ਘੱਟ ਰਹਿਣ ਅਤੇ ਮਾਲ ਸ਼ਹਿਰ ਵਿੱਚ ਕੁਸ਼ਲਤਾ ਨਾਲ ਘੁੰਮ ਸਕਦਾ ਹੈ।"
- “ਮੌਜੂਦਾ NSW ਨਿਯਮ ਸੁਰੰਗਾਂ ਰਾਹੀਂ ਖ਼ਤਰਨਾਕ ਮਾਲ (ਟੈਂਕਰਾਂ ਜਾਂ ਕੰਟੇਨਰ ਵਾਲੇ ਖ਼ਤਰਨਾਕ ਸਮਾਨ ਸਮੇਤ) ਦੀ ਢੋਆ-ਢੁਆਈ ਦੀ ਆਗਿਆ ਨਹੀਂ ਦਿੰਦੇ ਹਨ – ਨਤੀਜੇ ਵਜੋਂ, ਮੋਟਰ ਰਸਤਿਆਂ ਦੇ ਨੈੱਟਵਰਕ 'ਤੇ ਸੁਰੰਗਾਂ ਤੋਂ ਬਚਣ ਲਈ ਜ਼ਮੀਨੀ ਸੜਕਾਂ, ਟੋਲ ਲੱਗੇ ਮੋਟਰ ਰਸਤਿਆਂ ਦੇ ਨੈੱਟਵਰਕ ਤੋਂ ਬਾਹਰ ਵਰਤੀਆਂ ਜਾਂਦੀਆਂ ਹਨ। ਇਹ ਮਹੱਤਵਪੂਰਨ ਹੈ ਕਿ ਭਾਰੀ ਵਾਹਨਾਂ ਲਈ ਭਰੋਸੇਮੰਦ ਅਤੇ ਉੱਚ-ਸਮਰੱਥਾ ਵਾਲੇ ਖ਼ਤਰਨਾਕ ਮਾਲ ਲਈ ਜ਼ਮੀਨੀ ਮਾਰਗਾਂ ਨੂੰ ਸਿਡਨੀ ਅਤੇ NSW ਵਿੱਚ ਬਾਲਣ ਉਤਪਾਦਾਂ ਦੀ ਨਿਰੰਤਰ ਕੁਸ਼ਲ ਵੰਡ ਨੂੰ ਸੁਰੱਖਿਅਤ ਰੱਖਣ ਲਈ ਕਾਇਮ ਰੱਖਿਆ ਜਾਂਦਾ ਹੈ।"

ਰੋਡ ਫ੍ਰੇਟ NSW

- “ਟਰੱਕਿੰਗ ਕੰਪਨੀਆਂ ਲਈ ਆਫ਼-ਪੀਕ ਸਮੇਂ ਦੌਰਾਨ ਛੋਟ ਵਾਲੀ ਟੋਲਿੰਗ, ਅਤੇ “ਲਾਸਟ ਮਾਈਲ” ਡਿਲੀਵਰੀ, ਟਰੱਕਿੰਗ ਕੰਪਨੀਆਂ ਅਤੇ ਹੋਰਾਂ ਨੂੰ ਪੀਕ ਸਮੇਂ ਤੋਂ ਬਾਅਦ ਕੰਮ ਕਰਨ ਲਈ ਉਤਸ਼ਾਹਿਤ ਕਰਨ ਲਈ ਵਧੀਆ ਕੰਮ ਕਰੇਗੀ ਅਤੇ ਸੁਰੱਖਿਅਤ ਸੜਕਾਂ ਬਣਾਉਣ ਵੱਲ ਲੈ ਜਾਵੇਗੀ ਕਿਉਂਕਿ ਹਲਕੇ ਵਾਹਨਾਂ ਦੇ ਆਉਣ-ਜਾਣ ਦੇ ਸਮੇਂ ਦੌਰਾਨ ਟਰੱਕ ਅਤੇ ਡਿਲੀਵਰੀਆਂ ਸੜਕਾਂ 'ਤੇ ਨਹੀਂ ਹੋਣਗੀਆਂ।
- "ਭਾਰੀ ਵਾਹਨ ਚਾਲਕਾਂ ਨੂੰ ਵਾਅਦਾ ਕੀਤੀ ਕੁਸ਼ਲਤਾ ਦਾ ਖੁਦ ਅਨੁਭਵ ਕੀਤੇ ਬਿਨਾਂ ਟੋਲ ਵਿੱਚ ਵਾਧੇ ਦੁਆਰਾ ਸੜਕ ਨੈੱਟਵਰਕ ਵਿੱਚ ਸੁਧਾਰ ਲਈ ਭੁਗਤਾਨ ਨਹੀਂ ਕਰਨਾ ਚਾਹੀਦਾ ਹੈ।"

## ਪੀਕ ਬਾਡੀਜ਼

- ਆਸਟਰੇਲੀਅਨ ਕਾਲਜ ਆਫ਼ ਰੋਡ ਸੇਫ਼ਟੀ
- ਸੀਮਿੰਟ ਕੰਕਰੀਟ ਐਂਡ ਐਗਰੀਗੇਟਸ
- NSW ਕੌਂਸਲ ਆਫ਼ ਸੋਸ਼ਲ ਸਰਵਿਸ
- ਰੋਡਜ਼ ਆਸਟ੍ਰੇਲੀਆ
- ਵਾਕ ਸਿਡਨੀ

ਇਸ ਸਮੀਖਿਆ ਨੂੰ ਚੋਟੀ ਦੀਆਂ ਸੰਸਥਾਵਾਂ ਤੋਂ ਪੰਜ ਰਾਏ-ਸੁਝਾਅ ਦੀਆਂ ਬੇਨਤੀਆਂ ਪ੍ਰਾਪਤ ਹੋਈਆਂ ਹਨ।

ਇਹਨਾਂ ਬੇਨਤੀਆਂ ਨੇ ਧਿਆਨ ਵਿੱਚ ਲਿਆਂਦਾ ਹੈ ਕਿ NSW ਵਿੱਚ ਟੋਲ ਬਹੁਤ ਮਹਿੰਗੇ ਹਨ, ਖ਼ਾਸ ਤੌਰ 'ਤੇ ਰਹਿਣ-ਸਹਿਣ ਦੀ ਕੀਮਤ ਦੇ ਦਬਾਅ ਨੂੰ ਧਿਆਨ ਵਿੱਚ ਰੱਖਦੇ ਹੋਏ। ਉਹਨਾਂ ਨੇ ਸਮੁੱਚੀ ਟੋਲ ਕੀਮਤ ਪ੍ਰਣਾਲੀ ਤੋਂ ਪੈਦਾ ਹੋਣ ਵਾਲੇ ਨਾਬਰਾਬਰੀ ਵਾਲੇ ਸਮਾਜਿਕ ਨਤੀਜਿਆਂ ਨੂੰ ਵੀ ਧਿਆਨ ਵਿੱਚ ਲਿਆਂਦਾ ਹੈ।

ਕੁੱਝ ਰਾਏ-ਸੁਝਾਅ ਦੀਆਂ ਬੇਨਤੀਆਂ ਵਿੱਚ NSW ਸਰਕਾਰ ਨੂੰ ਬਿਹਤਰ ਜਨਤਕ ਆਵਾਜਾਈ ਅਤੇ ਸਰਗਰਮ ਆਵਾਜਾਈ ਵਿਕਲਪ ਦੇਣ ਲਈ ਕਿਹਾ ਗਿਆ ਹੈ, ਅਤੇ ਛੋਟੀਆਂ ਯਾਤਰਾਵਾਂ ਲਈ ਪੈਦਲ ਚੱਲਣ ਅਤੇ ਸਾਈਕਲ ਚਲਾਉਣ ਨੂੰ ਉਤਸ਼ਾਹਿਤ ਕਰਨ ਲਈ ਅਤੇ ਟੋਲ ਸੜਕਾਂ 'ਤੇ ਭਾਈਚਾਰਿਆਂ ਦੀ ਨਿਰਭਰਤਾ ਨੂੰ ਘਟਾਉਣ ਵਿੱਚ ਮੱਦਦ ਕਰਨ ਲਈ ਸੜਕ ਦੀ ਜਗ੍ਹਾ ਨੂੰ ਮੁੜ ਨਿਰਧਾਰਤ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਕੁੱਝ ਨੇ ਦੂਰੀ-ਅਧਾਰਿਤ ਅਤੇ ਪੀਕ ਅਤੇ ਆਫ਼-ਪੀਕ ਕੀਮਤ ਵਿਵਸਥਾ ਦਾ ਵੀ ਸਮਰਥਨ ਕੀਤਾ ਹੈ।

ਇੱਕ ਰਾਏ-ਸੁਝਾਅ ਦੀ ਬੇਨਤੀ ਵਿੱਚ ਸੁਝਾਅ ਦਿੱਤਾ ਗਿਆ ਹੈ ਕਿ NSW ਸਰਕਾਰ ਨੂੰ ਭਾਰੀ ਵਾਹਨਾਂ ਲਈ ਟੋਲ ਲਗਾਉਣ ਦੇ ਹੋਰ ਵਿਕਲਪਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਟੋਲਿੰਗ ਪ੍ਰਣਾਲੀ ਨੂੰ ਬਦਲਣਾ ਚਾਹੀਦਾ ਹੈ ਤਾਂ ਜੋ ਵਾਤਾਵਰਣ ਟਿਕਾਊ ਉਪਕਰਣਾਂ ਵਿੱਚ ਨਿਵੇਸ਼ ਕਰਨ ਵਾਲੀਆਂ ਆਵਾਜਾਈ ਕੰਪਨੀਆਂ ਅਤੇ ਘੱਟ ਗੈਸ ਨਿਕਾਸੀ ਵਾਲੇ ਵਾਹਨਾਂ ਨੂੰ ਵੱਧ ਟੋਲ ਰਾਹਤ ਜਾਂ ਛੋਟਾਂ ਪ੍ਰਾਪਤ ਹੋਣ।

### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

NSW ਕੌਂਸਲ ਆਫ਼ ਸੋਸ਼ਲ ਸਰਵਿਸ

- "ਸਾਡੀ ਮੁੱਢਲੀ ਸਿਫ਼ਾਰਸ਼ ਇਹ ਹੈ ਕਿ ਦੋਵਾਂ, ਟੋਲ ਦੀ ਕੀਮਤ ਤੈਅ ਕਰਨ ਅਤੇ ਰਾਹਤ ਸਕੀਮਾਂ ਦੇ ਡਿਜ਼ਾਈਨ ਵਿੱਚ ਗਰੀਬੀ ਅਤੇ ਆਰਥਿਕ ਨੁਕਸਾਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।"
- "ਘੱਟ ਆਮਦਨ ਵਾਲੇ ਲੋਕ ਟੋਲ ਸੜਕਾਂ 'ਤੇ ਬਹੁਤ ਜ਼ਿਆਦਾ ਨਿਰਭਰ ਹੋ ਸਕਦੇ ਹਨ, ਅਤੇ ਹਮੇਸ਼ਾ ਆਪਣੀ ਮਰਜ਼ੀ ਦੇ ਕਾਰਨ ਨਹੀਂ ... ਜ਼ਿਆਦਾਤਰ ਘੱਟ ਆਮਦਨੀ ਵਾਲੇ ਪਰਿਵਾਰਾਂ ਨੂੰ ਉਹਨਾਂ ਦੀ ਕਿਫਾਇਤੀ ਰਿਹਾਇਸ਼ ਦੀ ਖੋਜ ਵਿੱਚ ਅਤੇ ਸਕੂਲਾਂ, ਸੇਵਾਵਾਂ ਅਤੇ ਹੋਰ ਸਹੂਲਤਾਂ ਲਈ ਪਹੁੰਚ ਲਈ ਰੁਜ਼ਗਾਰ ਕੇਂਦਰਾਂ ਤੋਂ ਹੋਰ ਦੂਰ ਜਾਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਇਹ ਵਧੇਰੇ ਘੱਟ ਆਮਦਨੀ ਵਾਲੇ ਪਰਿਵਾਰਾਂ ਨੂੰ ਕੰਮ, ਸਿੱਖਿਆ ਅਤੇ ਸਿਹਤ ਸੰਭਾਲ ਤੱਕ ਪਹੁੰਚ ਵਰਗੇ ਹੋਰ ਜ਼ਰੂਰੀ ਕਾਰਨਾਂ ਲਈ ਯਾਤਰਾ ਕਰਨ ਲਈ ਟੋਲ ਸੜਕਾਂ ਦੀ ਵਰਤੋਂ ਕਰਨ ਦਾ ਕਾਰਨ ਬਣ ਰਿਹਾ ਹੈ ..."
- "... ਘੱਟ ਆਮਦਨੀ ਵਾਲੇ ਪਰਿਵਾਰਾਂ ਨੂੰ ਵੱਧ ਆਮਦਨ ਵਾਲੇ ਪਰਿਵਾਰਾਂ ਨਾਲੋਂ ਉੱਚ ਪੱਧਰੀ ਟੋਲ ਰਾਹਤ ਦਿੱਤੀ ਜਾਣੀ ਚਾਹੀਦੀ ਹੈ, ਚਾਹੇ ਉਹ ਕਿੱਥੇ ਰਹਿੰਦੇ ਹਨ ਅਤੇ ਕਿਹੜੀਆਂ ਵੀ ਟੋਲ ਸੜਕਾਂ ਦੀ ਵਰਤੋਂ ਕਰਦੇ ਹਨ।"

ਰੋਡਜ਼ ਆਸਟ੍ਰੇਲੀਆ

- "NSW ਵਿੱਚ ਟੋਲ ਸੜਕਾਂ ਨੇ ਲਾਭ ਪ੍ਰਦਾਨ ਕੀਤੇ ਹਨ ਜਿਵੇਂ ਕਿ ਨਵੀਂ ਸੰਪਤੀਆਂ ਨੂੰ ਤੇਜ਼ੀ ਨਾਲ ਬਣਾਉਣਾ ਅਤੇ ਨਵੀਂ ਤਕਨਾਲੋਜੀ ਦੀ ਸ਼ੁਰੂਆਤ ਜੋ ਸੁਰੱਖਿਅਤ ਅਤੇ ਵਧੇਰੇ ਕੁਸ਼ਲ ਸੜਕਾਂ ਪ੍ਰਦਾਨ ਕਰ ਸਕਦੀ ਹੈ।"
- "ਇਹ ਸਮੀਖਿਆ ਫੌਰੀ ਚਿੰਤਾਵਾਂ ਨਾਲ ਨਜਿੱਠਣ ਲਈ ਥੋੜ੍ਹੇ ਸਮੇਂ ਦੇ ਰਾਹਤ ਉਪਾਵਾਂ ਦੇ ਨਾਲ-ਨਾਲ ਲੰਬੇ ਸਮੇਂ ਦੇ ਵਿਚਾਰਾਂ ਦੋਵਾਂ 'ਤੇ ਇੱਕ ਸਮੇਂ ਸਿਰ ਝਾਤ ਪਾਉਣਾ ਹੈ ਜੋ ਭਵਿੱਖ ਵਿੱਚ NSW ਮੋਟਰ ਰਸਤਿਆਂ ਦੇ ਨੈੱਟਵਰਕ 'ਤੇ ਨਿਰਪੱਖ, ਕੁਸ਼ਲ ਅਤੇ ਪਾਰਦਰਸ਼ੀ ਟੋਲਿੰਗ ਨੂੰ ਯਕੀਨੀ ਬਣਾ ਸਕਦੇ ਹਨ।"

### ਸਰਕਾਰੀ ਸੰਸਥਾਵਾਂ

- ਨਿਰਪੱਖ ਕੀਮਤ ਅਤੇ ਰੈਗੂਲੇਟਰੀ ਟ੍ਰਿਬਿਊਨਲ (IPART)
- NSW ਓਮਬਡਸਮੈਨ

ਇਸ ਸਮੀਖਿਆ ਨੂੰ ਦੋ ਸਰਕਾਰੀ ਸੰਸਥਾਵਾਂ ਤੋਂ ਵੀ ਰਾਏ-ਸੁਝਾਅ ਦੀਆਂ ਬੇਨਤੀਆਂ ਪ੍ਰਾਪਤ ਹੋਈਆਂ ਹਨ।

ਇਹਨਾਂ ਰਾਏ-ਸੁਝਾਅ ਦੀਆਂ ਬੇਨਤੀਆਂ ਨੇ ਟੋਲਿੰਗ ਪ੍ਰਣਾਲੀ ਦੀਆਂ ਜਟਿਲਤਾਵਾਂ ਅਤੇ ਵੱਧ ਸੁਚਾਰੂ ਕੀਮਤ ਢਾਂਚੇ ਦੀ ਲੋੜ 'ਤੇ ਜ਼ੋਰ ਦਿੱਤਾ ਹੈ।

IPART ਨੇ ਸਮੀਖਿਆ ਲਈ ਸਮਰਥਨ ਪ੍ਰਗਟ ਕੀਤਾ ਅਤੇ ਭਵਿੱਖ ਵਿੱਚ ਟੋਲ ਲਈ ਵਾਧੂ ਰੈਗੂਲੇਟਰੀ ਨਿਗਰਾਨੀ ਪ੍ਰਦਾਨ ਕਰਨ ਲਈ ਆਪਣੀ ਇੱਛਾ ਦਾ ਸੰਕੇਤ ਦਿੱਤਾ ਹੈ।

NSW ਓਮਬਡਸਮੈਨ ਨੇ ਟੋਲ ਬਾਰੇ ਮਿਲਣ ਵਾਲੀਆਂ ਗਾਹਕਾਂ ਦੀਆਂ ਸ਼ਿਕਾਇਤਾਂ ਦੀਆਂ ਕਿਸਮਾਂ ਦਾ ਵੇਰਵਾ ਦਿੱਤਾ ਅਤੇ ਧਿਆਨ ਵਿੱਚ ਲਿਆਂਦਾ ਹੈ ਕਿ ਇਸ ਕੋਲ ਪ੍ਰਾਈਵੇਟ ਟੋਲ ਰੋਡ ਓਪਰੇਟਰਾਂ ਬਾਰੇ ਸ਼ਿਕਾਇਤਾਂ ਜਾਂ ਨੀਤੀਗਤ ਮੁੱਦਿਆਂ ਨਾਲ ਸੰਬੰਧਿਤ ਸ਼ਿਕਾਇਤਾਂ ਨਾਲ ਨਜਿੱਠਣ ਦਾ ਅਧਿਕਾਰ ਨਹੀਂ ਹੈ। ਇਸਦੇ ਅਧਿਕਾਰ ਵਿਚਲੀਆਂ ਸ਼ਿਕਾਇਤਾਂ ਆਮ ਤੌਰ 'ਤੇ ਪ੍ਰਸ਼ਾਸਕੀ ਹੁੰਦੀਆਂ ਹਨ ਅਤੇ ਇਹਨਾਂ ਨਾਲ ਸੰਬੰਧਿਤ ਹੁੰਦੀਆਂ ਹਨ: ਸ਼ਿਕਾਇਤਕਰਤਾ ਦੀ ਮਲਕੀਅਤ ਵਿੱਚ ਨਾ ਹੋਣ ਵਾਲੇ ਵਾਹਨਾਂ ਲਈ ਕਈ ਟੋਲ ਨੋਟਿਸ ਪ੍ਰਾਪਤ ਕਰਨਾ; ਰਿਫੰਡ ਦੀ ਪ੍ਰਕਿਰਿਆ ਵਿੱਚ ਦੇਰੀ; ਬੈਂਕ ਖਾਤਿਆਂ ਤੋਂ ਗਲਤ ਅਤੇ ਅਚਾਨਕ ਪੈਸੇ ਕੱਟਣਾ; ਗਲਤ ਅਤੇ ਬੇਲੋੜੇ ਚਾਰਜ; ਵਾਹਨਾਂ ਦਾ ਗਲਤ ਵਰਗੀਕਰਨ; ਨੁਕਸਦਾਰ ਈ-ਟੈਗ ਅਤੇ ਸੰਬੰਧਿਤ ਮੁੱਦੇ ਜਿਵੇਂ ਕਿ ਪ੍ਰਸ਼ਾਸਨ ਫ਼ੀਸਾਂ ਅਤੇ ਵੀਡੀਓ ਮੈਚਿੰਗ ਫ਼ੀਸਾਂ ਲਈ ਖ਼ਰਚੇ; ਪੈਸੇ ਉਗਰਾਹੁਣ ਨਾਲ ਸੰਬੰਧਿਤ ਮੁੱਦੇ; ਸ਼ਿਕਾਇਤ ਪ੍ਰਬੰਧਨ ਅਤੇ ਗਾਹਕ ਸੇਵਾਵਾਂ ਦੇ ਮੁੱਦੇ ਜਿਵੇਂ ਕਿ ਜਵਾਬ ਦੇਣ ਅਤੇ ਮੁੱਦੇ ਹੱਲ ਕਰਨ ਵਿੱਚ ਅਸਫ਼ਲਤਾ; ਟੋਲ ਖਾਤੇ ਤੱਕ ਪਹੁੰਚ ਕਰਨ ਵਿੱਚ ਮੁਸ਼ਕਲ; ਟੋਲ ਸਟੇਟਮੈਂਟਾਂ ਅਤੇ ਵੇਰਵਿਆਂ ਨੂੰ ਸਮਝਣ ਵਿੱਚ ਮੁਸ਼ਕਲ; ਟੋਲ ਅਤੇ ਅੰਦਰੂਨੀ ਸਮੀਖਿਆ ਦੇ ਨਤੀਜਿਆਂ ਨਾਲ ਸੰਬੰਧਿਤ ਜੁਰਮਾਨੇ। NSW ਓਮਬਡਸਮੈਨ ਨੂੰ ਟੋਲ ਰਾਹਤ ਪ੍ਰੋਗਰਾਮ ਅਤੇ ਕੈਸ਼ਬੈਕ ਸਕੀਮ ਬਾਰੇ ਵੀ ਸ਼ਿਕਾਇਤਾਂ ਮਿਲੀਆਂ ਹਨ, ਜਿਸ ਵਿੱਚ ਯੋਗਤਾ ਬਾਰੇ ਚਿੰਤਾਵਾਂ, ਭੁਗਤਾਨ ਪ੍ਰਾਪਤ ਕਰਨ ਵਿੱਚ ਦੇਰੀ, ਗਲਤੀਆਂ ਅਤੇ ਗਾਹਕ ਸੇਵਾ ਸੰਬੰਧੀ ਚਿੰਤਾਵਾਂ ਸ਼ਾਮਲ ਹਨ।

#### ਪ੍ਰਾਪਤ ਹੋਏ ਰਾਏ-ਸੁਝਾਵਾਂ ਤੋਂ ਸੰਬੰਧਿਤ ਟਿੱਪਣੀਆਂ

IPART

- "... [ਟੋਲ ਸੜਕਾਂ] ਲਈ ਹੋਰ ਨਿਯਮ-ਕਾਨੂੰਨ ਬਣਾਉਣ ਦਾ ਮਾਮਲਾ ਹੋ ਸਕਦਾ ਹੈ... ਜਿੱਥੇ IPART ਟੋਲ ਸੰਬੰਧੀ ਵਾਧੂ ਨਿਗਰਾਨੀ ਰੱਖਣ ਲਈ ਚੰਗੀ ਥਾਂ 'ਤੇ ਰੱਖਿਆ ਜਾਵੇਗਾ।"

- “ਅਸੀਂ ਟ੍ਰਾਂਸਪੋਰਟ ਬੁਨਿਆਦੀ ਢਾਂਚੇ ਨੂੰ ਨਿਯੰਤ੍ਰਿਤ ਕਰਨ ਅਤੇ ਜਨਤਕ ਟ੍ਰਾਂਸਪੋਰਟ ਸੇਵਾਵਾਂ ਲਈ ਕੀਮਤਾਂ ਨਿਰਧਾਰਤ ਕਰਨ ਵਿੱਚ ਆਪਣਾ ਵਿਆਪਕ ਅਨੁਭਵ ਲਿਆਵਾਂਗੇ... ਅਸੀਂ ਹਿੱਤਧਾਰਕਾਂ ਨਾਲ ਸਰਗਰਮੀ ਨਾਲ ਜੁੜਦੇ ਹਾਂ ਅਤੇ ਨਾਲ ਹੀ ਸੁਤੰਤਰ ਖੋਜ ਅਤੇ ਵਿਸ਼ਲੇਸ਼ਣ ਕਰਦੇ ਹਾਂ। ਫ਼ੈਸਲੇ ਅਤੇ ਸਿਫਾਰਿਸ਼ਾਂ ਕਰਦੇ ਸਮੇਂ, ਅਸੀਂ ਖ਼ਪਤਕਾਰਾਂ ਨੂੰ ਬੇਲੋੜੇ ਕੀਮਤ ਵਾਧੇ ਤੋਂ ਬਚਾਉਣ, ਪ੍ਰਦਾਤਾਵਾਂ ਦੀ ਕੁਸ਼ਲਤਾ ਅਤੇ ਸੇਵਾ ਦੀ ਗੁਣਵੱਤਾ ਵਿੱਚ ਸੁਧਾਰ, ਮੁਕਾਬਲੇ ਨੂੰ ਉਤਸ਼ਾਹਿਤ ਕਰਨ, ਵਾਤਾਵਰਣ ਦੀ ਸੁਰੱਖਿਆ, ਅਤੇ ਇਹ ਯਕੀਨੀ ਬਣਾਉਣ 'ਤੇ ਧਿਆਨ ਕੇਂਦਰਿਤ ਕਰਦੇ ਹਾਂ ਕਿ ਕੁਸ਼ਲ ਸੇਵਾ ਪ੍ਰਦਾਤਾ ਵਿੱਤੀ ਤੌਰ 'ਤੇ ਵਿਵਹਾਰਕ ਬਣੇ ਰਹਿਣ।"

NSW ਓਮਬਡਸਮੈਨ

- “2021-22 ਅਤੇ 2022-23 ਦੇ ਸਾਲਾਂ ਵਿੱਚ, NSW ਓਮਬਡਸਮੈਨ ਨੂੰ 304 ਕਾਰਵਾਈਯੋਗ ਸ਼ਿਕਾਇਤਾਂ ਪ੍ਰਾਪਤ ਹੋਈਆਂ ਜੋ ਟੋਲ ਨਾਲ ਸੰਬੰਧਿਤ ਹਨ।”
- “ਪਿਛਲੇ 2 ਵਿੱਤੀ ਸਾਲਾਂ ਵਿੱਚ, ਟੋਲਿੰਗ ਮੁੱਦਿਆਂ ਬਾਰੇ NSW ਓਮਬਡਸਮੈਨ ਦੇ ਘੱਟੋ-ਘੱਟ 20% ਸੰਪਰਕਾਂ ਨੂੰ ਸਾਡੇ ਦੁਆਰਾ 'ਗਲਤ ਦਿਸ਼ਾ ਵਿੱਚ ਭੇਜਿਆ ਗਿਆ' ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ - ਮਤਲਬ ਕਿ ਉਹ ਸਾਡੇ ਅਧਿਕਾਰ ਖੇਤਰ ਤੋਂ ਬਾਹਰ ਦੇ ਮਾਮਲਿਆਂ ਨਾਲ ਸੰਬੰਧਿਤ ਸਨ।"
- “ਸਾਨੂੰ ਪ੍ਰਾਪਤ ਹੋਣ ਵਾਲੀਆਂ ਕੁੱਝ ਟੋਲ-ਸੰਬੰਧਿਤ ਸ਼ਿਕਾਇਤਾਂ ਟੋਲ ਸੜਕਾਂ ਦੀ ਮੌਜੂਦਗੀ, ਟੋਲ ਵਾਧੇ ਜਾਂ ਵਿਕਲਪਕ (ਬਗ਼ੈਰ-ਟੋਲ ਵਾਲੇ) ਰੂਟਾਂ ਨੂੰ ਲੱਭਣ ਵਿੱਚ ਚੁਣੌਤੀਆਂ ਬਾਰੇ ਆਮ ਨਿਰਪੱਖਤਾ ਚਿੰਤਾਵਾਂ ਪੈਦਾ ਕਰ ਸਕਦੀਆਂ ਹਨ। ਸੰਬੰਧਿਤ ਅਧਿਕਾਰੀਆਂ ਦੇ ਧਿਆਨ ਵਿੱਚ ਚਿੰਤਾਵਾਂ ਲਿਆਉਣ ਤੋਂ ਇਲਾਵਾ, ਅਸੀਂ ਆਮ ਤੌਰ 'ਤੇ ਇਹਨਾਂ ਸ਼ਿਕਾਇਤਾਂ ਦੇ ਹੱਲ ਵਿੱਚ ਸਹਾਇਤਾ ਕਰਨ ਵਿੱਚ ਅਸਮਰੱਥ ਹੁੰਦੇ ਹਾਂ, ਜੋ ਕਿ ਨੀਤੀਗਤ ਮੁੱਦਿਆਂ ਨਾਲ ਸੰਬੰਧਿਤ ਹੁੰਦੀਆਂ ਹਨ।

## ਨਿਰਪੱਖ ਵਿਵਾਦ ਨਿਪਟਾਰਾ ਸੰਸਥਾ

- ਟੋਲਿੰਗ ਗਾਹਕ ਓਮਬਡਸਮੈਨ

ਇਸ ਸਮੀਖਿਆ ਨੂੰ ਇੱਕ ਬਾਹਰੀ ਵਿਵਾਦ ਨਿਪਟਾਰਾ ਸੰਸਥਾ, ਟੋਲਿੰਗ ਗਾਹਕ ਓਮਬਡਸਮੈਨ ਤੋਂ ਇੱਕ ਰਾਏ-ਸੁਝਾਅ ਦੀ ਬੇਨਤੀ ਪ੍ਰਾਪਤ ਹੋਈ ਹੈ।

ਰਾਏ-ਸੁਝਾਅ ਦੀ ਬੇਨਤੀ ਵਿੱਚ ਟੋਲ ਦੀ ਵਸੂਲੀ ਵਿੱਚ ਸੁਧਾਰ ਕਰਨ ਦਾ ਸੁਝਾਅ ਦਿੱਤਾ ਗਿਆ ਹੈ, ਜਿਵੇਂ ਕਿ ਨੋਟਿਸਾਂ ਨੂੰ ਇਕੱਠਾ ਕਰਨਾ। ਇਸਨੇ ਨੋਟ ਕੀਤਾ ਕਿ ਅਕਸਰ ਉਪਭੋਗਤਾਵਾਂ ਨਾਲ ਸੰਪਰਕ ਕਰਨ ਵਿੱਚ ਅਸਮਰੱਥਾ ਸੰਪਰਕ ਜਾਂ ਰਜਿਸਟ੍ਰੇਸ਼ਨ ਜਾਣਕਾਰੀ ਨੂੰ ਅਪਡੇਟ ਕਰਨ ਵਿੱਚ ਅਸਫ਼ਲਤਾ ਤੋਂ ਪੈਦਾ ਹੁੰਦੀ ਹੈ। ਇਸ ਨਾਲ ਪ੍ਰਬੰਧਕੀ ਖ਼ਰਚਿਆਂ ਦੇ ਨਾਲ-ਨਾਲ ਹੋਰ ਟੋਲ ਵੀ ਹੋ ਸਕਦੇ ਹਨ ਜੋ ਖ਼ਰਚੇ ਅਤੇ ਬਕਾਇਆ ਰਕਮ ਹੋ ਸਕਦੇ ਹਨ, ਜਿਨ੍ਹਾਂ ਵਿੱਚੋਂ ਹਰ ਇੱਕ ਆਪਣੀ ਖੁਦ ਦੀਆਂ ਪ੍ਰਬੰਧਕੀ ਲਾਗਤਾਂ ਨੂੰ ਆਕਰਸ਼ਿਤ ਕਰਦਾ ਹੈ।

## ਕਾਰ ਸ਼ੇਅਰ ਕੰਪਨੀਆਂ

- GoGet (ਗੋ ਗੈੱਟ)

ਇਸ ਸਮੀਖਿਆ ਨੂੰ ਇੱਕ ਕਾਰ ਸ਼ੇਅਰ ਕੰਪਨੀ, GoGet ਤੋਂ ਇੱਕ ਰਾਏ-ਸੁਝਾਅ ਦੀ ਬੇਨਤੀ ਪ੍ਰਾਪਤ ਹੋਈ ਹੈ। GoGet ਨੇ ਧਿਆਨ ਵਿੱਚ ਲਿਆਂਦਾ ਕਿ ਮੌਜੂਦਾ NSW ਟੋਲਿੰਗ ਪ੍ਰਣਾਲੀ ਦੇ ਤਹਿਤ ਕਾਰ ਸ਼ੇਅਰ ਵਾਹਨਾਂ ਲਈ ਕੋਈ ਟੋਲ ਰਾਹਤ ਨਹੀਂ ਹੈ ਅਤੇ ਰਾਹਤ ਸ਼ੁਰੂ ਕਰਨ ਲਈ ਦਲੀਲ ਦਿੱਤੀ ਹੈ।

ਇਸਨੇ ਉਹਨਾਂ ਕਮਿਊਨਿਟੀ ਲਾਭਾਂ ਦਾ ਜ਼ਿਕਰ ਕੀਤਾ ਜੋ ਕਾਰ ਸ਼ੇਅਰਿੰਗ ਪ੍ਰਦਾਨ ਕਰਦੇ ਹਨ, ਜਿਸ ਵਿੱਚ ਘੱਟ ਗੈਸ ਨਿਕਾਸ ਅਤੇ ਸੜਕਾਂ 'ਤੇ ਸਮੁੱਚੀ ਭੀੜ-ਭੜੱਕਾ ਘਟਾਉਣਾ ਸ਼ਾਮਲ ਹੈ। ਰਾਏ-ਸੁਝਾਅ ਦੀ ਬੇਨਤੀ ਵਿੱਚ ਦਲੀਲ ਦਿੱਤੀ ਗਈ ਸੀ ਕਿ ਕਾਰ ਸ਼ੇਅਰ ਵਾਹਨਾਂ ਲਈ ਟੋਲ ਰਾਹਤ ਦੀ ਘਾਟ ਵਾਹਨ ਚਾਲਕਾਂ ਲਈ ਅਜਿਹੇ ਵਾਹਨਾਂ ਦੀ ਵਰਤੋਂ ਕਰਨ ਲਈ ਨਿਰਾਸ਼ਾਜਨਕ ਵਜੋਂ ਕੰਮ ਕਰ ਰਹੀ ਹੈ।

ਆਮ ਤੌਰ 'ਤੇ ਰਾਏ-ਸੁਝਾਅ ਦੀ ਬੇਨਤੀ ਦੂਰੀ-ਅਧਾਰਿਤ ਕੀਮਤ ਮਾਡਲ ਅਤੇ ਉਹਨਾਂ ਖੇਤਰਾਂ ਵਿੱਚ ਇੱਕ ਕੋਰਡਨ ਜ਼ੋਨ ਅਨੁਸਾਰ ਕੀਮਤ ਰੱਖਣ ਦਾ ਸਮਰਥਨ ਕਰਦੀ ਹੈ ਜੋ ਭੀੜ-ਭੜੱਕੇ ਵਾਲੇ ਹਨ ਪਰ ਜਨਤਕ ਆਵਾਜਾਈ ਚੰਗੀ ਹੈ।

## ਅਗਲੇ ਕਦਮ

ਇਹ ਸਮੀਖਿਆ ਮੁਖੀ ਆਮ ਲੋਕਾਂ ਅਤੇ ਹਿੱਤਧਾਰਕਾਂ ਤੋਂ ਮਿਲੀਆਂ ਸਾਰੀਆਂ ਬੇਨਤੀਆਂ ਦੀ ਨੇੜਿਓਂ ਸਮੀਖਿਆ ਕਰਨਾ ਜਾਰੀ ਰੱਖਣਗੇ। ਇਹ ਸਮੀਖਿਆ ਅਜੇ ਵੀ ਵਿਚਾਰ ਲਈ ਬੇਨਤੀਆਂ ਨੂੰ ਸਵੀਕਾਰ ਕਰਨਾ ਜਾਰੀ ਰੱਖ ਰਹੀ ਹੈ, ਜੇਕਰ ਤੁਸੀਂ ਕੋਈ ਰਾਏ-ਸੁਝਾਅ ਦੀ ਬੇਨਤੀ ਕਰਨਾ ਚਾਹੁੰਦੇ ਹੋ, ਕਿਰਪਾ ਕਰਕੇ ਈਮੇਲ ਕਰੋ: Tolling_PMO@transport.nsw.gov.au

ਇਸ ਸਮੀਖਿਆ ਦੇ 2024 ਦੇ ਅੱਧ ਵਿੱਚ ਪੂਰਾ ਹੋਣ ਦੀ ਉਮੀਦ ਹੈ ਜਦੋਂ ਇਸ ਸਮੀਖਿਆ ਦੇ ਮੁਖੀ NSW ਸਰਕਾਰ ਨੂੰ ਆਪਣੀ ਅੰਤਿਮ ਰਿਪੋਰਟ ਪ੍ਰਦਾਨ ਕਰਨਗੇ।

### ਤੁਹਾਡਾ ਧੰਨਵਾਦ

ਸੁਤੰਤਰ ਟੋਲ ਸਮੀਖਿਆ ਦੇ ਜਨਤਕ ਸਲਾਹ-ਮਸ਼ਵਰੇ ਵਿੱਚ ਹਿੱਸਾ ਲੈਣ ਵਾਲੇ ਹਰੇਕ ਵਿਅਕਤੀ ਦਾ ਧੰਨਵਾਦ।

ਅਸੀਂ ਪੂਰੇ NSW ਵਿੱਚ ਭਾਈਚਾਰੇ ਦੇ ਮੈਂਬਰਾਂ ਅਤੇ ਹਿੱਤਧਾਰਕਾਂ ਦੇ ਉਦਾਰ ਯੋਗਦਾਨ ਦੀ ਸ਼ਲਾਘਾ ਕਰਦੇ ਹਾਂ ਅਤੇ ਟੋਲਿੰਗ ਦੇ ਭਵਿੱਖ ਸੰਬੰਧੀ ਤੁਹਾਡੇ ਨਾਲ ਜੁੜਨਾ ਜਾਰੀ ਰੱਖਣ ਦੀ ਉਮੀਦ ਕਰਦੇ ਹਾਂ।

# ਸੁਤੰਤਰ ਟੋਲ ਸਮੀਖਿਆ